ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

**International Daily Newspaper & WEB TV**

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

You Tube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 27 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੬, ੧੪ ਚੇਤਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243





## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਟਵਿੱਟਰ ਖਾਤਾ ਬੈਨ, ਸਿਮਰਨਜੀਤ ਮਾਨ ਨੇ ਐਲੋਨ ਮਸਕ ਨੂੰ ਪੁੱਛਿਆ ਸਵਾਲ

**ਚੰਡੀਗੜ੍ਹ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਦਾਅਵਾ ਕਰਨ ਵਾਲੇ ਭਾਰਤ ਦੇਸ਼ ਵਿੱਚ ਆਏ ਦਿਨ ਕਿਸਾਨਾਂ, ਪੱਤਰਕਾਰਾਂ ਤੇ ਅੰਦੋਲਨਕਾਰੀਆਂ ਦੇ ਸੋਸ਼ਲ ਮੀਡੀਆ ਖਾਤੇ ਬੰਦ ਕਰ ਦਿੱਤੇ ਜਾਂਦੇ ਹਨ।



ਹੁਣ ਸੰਗਰੂਰ ਲੋਕ ਸਭਾ ਤੋਂ ਸਾਂਸਦ ਮੈਂਬਰ ਸਿਮਰਨਜੀਤ ਸਿੰਘ ਨੇ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਟਵਿੱਟਰ ਖਾਤਾ ਭਾਰਤ ਵਿੱਚ ਬੰਦ ਕਰ ਦਿੱਤਾ ਗਿਆ ਹੈ। ਸਿਮਰਨਜੀਤ ਸਿੰਘ ਮਾਨ ਨੇ ਟਵੀਟ ਕਰਦਿਆਂ ਕਿਹਾ ਕਿ ਸਾਡੀ ਸਿਆਸੀ ਪਾਰਟੀ- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਐਕਸ (ਟਵਿੱਟਰ) ਆਈਡੀ ਨੂੰ ਭਾਰਤ ਵਿੱਚ ਸਰਕਾਰ ਦੇ ਇਸ਼ਾਰੇ ’ਤੇ ਆਮ ਚੋਣਾਂ ਤੋਂ ਠੀਕ ਪਹਿਲਾਂ ਕਿਉਂ ਬੰਦ ਕਰ ਦਿੱਤਾ ਗਿਆ ? ਉਹ ਵੀ ਇਹ ਦੱਸੇ ਬਿਨਾਂ ਕਿ ਕਿਹੜੀ ਪੋਸਟ/ਮੀਡੀਆ ਨੇ ਟਵਿੱਟਰ ਇੰਡੀਆ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ?

### ਸ੍ਰੀ ਅਨੰਦਪੁਰ ਸਾਹਿਬ ’ਚ ‘ਬੋਲੇ ਸੋ ਨਿਹਾਲ’ ਦੇ ਜੈਕਾਰਿਆਂ ਨਾਲ ਹੋਲਾ-ਮਹੱਲਾ ਸੰਪੰਨ

# ਨਿਹੰਗ ਸਿੰਘਾਂ ਨੇ ਕੱਢਿਆ ਮਹੱਲਾ

**ਸ੍ਰੀ ਅਨੰਦਪੁਰ ਸਾਹਿਬ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਪ੍ਰਸਿੱਧ ਛੇ ਦਿਨਾਂ ਕੌਮੀ ਤਿਉਹਾਰ ਹੋਲਾ-ਮਹੱਲਾ ਅੱਜ ਜੈਕਾਰਿਆਂ ਦੀ ਗੂੰਜ ਵਿੱਚ ਆਪਣੀਆਂ ਅਮੀਠੀਆ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ। ਇਥੇ ਇਕ ਪਾਸੇ ਜਿੱਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਤਿੰਨ ਦਿਨਾਂ ਤੋਂ ਚੱਲ ਰਹੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉੱਥੇ ਹੀ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਮਹੱਲਾ ਕੱਢਿਆ ਗਿਆ ਜੋਕਿ ਚਰਨ ਗੰਗਾ ਸਟੇਡੀਅਮ ਦੇ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਜੰਗਜੂ ਕਰਤੱਬ ਵਿਖਾਉਣਗੀਆਂ, ਜਿਸ ਵਿੱਚ ਗਤਕੇਬਾਜ਼ੀ ਘੋੜ ਸਵਾਰੀ ਨੇਜਾਬਾਜ਼ੀ ਤੀਰਕਮਾਨ ਅਤੇ ਹੋਰ ਕਈ ਤਰ੍ਹਾਂ ਦੀਆਂ ਵਿਰਾਸਤੀ ਅਤੇ ਖਾਲਸਈ ਫ਼ੌਜਾਂ ਗੁਰੂ ਨੂੰ ਸਮਰਪਿਤ ਹੋ ਕੇ ਇਕੱਠੀਆਂ ਖੇਡਦੀਆਂ ਹਨ। ਜ਼ਿਕਰਯੋਗ ਹੈ ਕਿ ਖਾਲਸਾ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਨਾਏ ਜਾ ਰਹੇ ਖਾਲਸੇ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਅਤੇ ਕੌਮੀ ਤਿਉਹਾਰ ਹੋਲੇ-ਮਹੱਲੇ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੂਰੇ ਜਾਹੋ-ਜਲਾਲ ਅਤੇ ਪੁਰਾਤਨ ਰਵਾਇਤਾਂ ਅਨੁਸਾਰ ਸ਼ੁਰੂ ਹੋਇਆ ਹੋਲਾ-ਮਹੱਲਾ ਅੱਜ ਸੰਪੰਨ ਹੋ ਗਿਆ ਹੈ। ਇਸ ਵਾਰ ਹੋਲਾ ਹਮੱਲਾ ਮੌਕੇ ਸੰਗਤਾਂ ਦੀ ਭਾਰੀ ਆਮਦ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਸੁਚਾਰੂ ਪ੍ਰਬੰਧਾਂ ’ਤੇ ਤਸੱਲੀ ਪ੍ਰਗਟ ਕਰਦੇ ਹੋਏ ਡੀ. ਸੀ. ਨੇ ਕਿਹਾ ਕਿ ਪਿਛਲੇ ਡੇਢ ਮਹੀਨੇ ਤੋਂ ਲਗਾਤਾਰ ਕੀਤੇ ਜਾ ਰਹੇ ਪ੍ਰਬੰਧਾਂ, ਮੀਟਿੰਗਾਂ ਅਧਿਕਾਰੀਆਂ ਵੱਲੋਂ ਸੇਵਾ ਦੀ ਭਾਵਨਾ ਨਾਲ ਕੀਤੀ ਡਿਊਟੀ ਦਾ ਅਸਰ ਸਮੁੱਚੇ ਮੇਲਾ ਖੇਤਰ ’ਚ ਆਈਆਂ ਸੰਗਤਾਂ ਦੇ ਚਿਹਰੇ ਦੀ ਮੁਸਕਾਨ ਤੋਂ ਨਜ਼ਰ ਆ ਰਿਹਾ ਹੈ। ਪਹਿਲਾਂ ਨਾਲੋਂ ਮੇਲਾ ਖੇਤਰ ਵਿਚ ਸੰਗਤਾਂ ਦੀ ਵੱਧ ਆਮਦ ਹੋਣ ਦੇ ਬਾਵਜੂਦ ਲੋਕਾਂ ਨੂੰ ਅਸੀਂ ਵੱਧ ਸਹੂਲਤਾਂ ਦੇਣ ’ਚ ਸਫ਼ਲ ਹੋਏ ਹਾਂ। ਉਨ੍ਹਾਂ ਨੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ ਦਾ ਧੰਨਵਾਦ ਕੀਤਾ।



## ਪੰਜਾਬ ’ਚ ਨਹੀਂ ਹੋਵੇਗਾ ‘ਅਕਾਲੀ-ਭਾਜਪਾ’ ਦਾ ਗਠਜੋੜ, ਵੱਖੋ-ਵੱਖ ਹੋਏ ਦੋਹਾਂ ਪਾਰਟੀਆਂ ਦੇ ਰਾਹ

**ਚੰਡੀਗੜ੍ਹ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ’ਚ ਸ਼੍ਰੋਮਣੀ ਅਕਾਲੀ ਦਲ ਨਾਲ



ਭਾਜਪਾ ਦੇ ਗਠਜੋੜ ਦੀਆਂ ਚਰਚਾਵਾਂ ’ਤੇ ਅੱਜ ਉਸ ਵੇਲੇ ਵਿਰਾਮ ਲੱਗ ਗਿਆ, ਜਦੋਂ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕਰ ਦਿੱਤਾ ਕਿ ਭਾਜਪਾ ਪੰਜਾਬ ’ਚ ਇਕੱਲੀ ਹੀ ਲੋਕ ਸਭਾ ਚੋਣਾਂ ਲੜੇਗੀ। ਜਾਣਕਾਰੀ ਮੁਤਾਬਕ ਬੀਤੇ ਦਿਨੀਂ ਹੋਈ ਅਕਾਲੀ ਦਲ ਦੀ ਬੈਠਕ ’ਚ ਇਹ ਫ਼ੈਸਲਾ ਲਿਆ ਗਿਆ ਸੀ ਕਿ ਅਕਾਲੀ ਦਲ ਆਪਣੇ ਸਿਧਾਂਤਾਂ ਤੋਂ ਪਿੱਛੇ ਨਹੀਂ ਹਟੇਗਾ। ਅਕਾਲੀ ਦਲ ਪਹਿਲਾਂ ਸ਼ਰਤਾਂ ਦੇ ਆਧਾਰ ’ਤੇ ਭਾਜਪਾ ਨਾਲ ਗਠਜੋੜ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਭਾਜਪਾ ਨੂੰ ਸ਼ਰਤਾਂ ਮਨਜ਼ੂਰ ਨਹੀਂ ਸਨ। ਇਸ ਤੋਂ ਬਾਅਦ ਦੋਹਾਂ ਪਾਰਟੀਆਂ ਵਿਚਾਲੇ ਸੀਟਾਂ ਦਾ ਰੇੜਕਾ ਵੀ ਸੀ। ਇਹ ਵੀ ਪਤਾ ਲੱਗਾ ਹੈ ਕਿ ਸ਼ਾਇਦ ਭਾਜਪਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਵੀ ਅਕਾਲੀ ਦਲ ਨਾਲ ਗੱਲਬਾਤ ਚੱਲ ਰਹੀ, ਜੋ ਸਿਰੇ ਨਹੀਂ ਚੜ੍ਹ ਸਕੀ। ਇਸ ਕਾਰਨ ਦੋਹਾਂ ਪਾਰਟੀਆਂ ’ਚ ਗਠਜੋੜ ਲਈ ਸਹਿਮਤੀ ਨਹੀਂ ਬਣੀ। ਇਸ ਤੋਂ ਇਲਾਵਾ ਅਕਾਲੀ ਦਲ ਦਾ ਕੈਡਰ ਵੀ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਇਹੀ ਰਾਏ ਦੇ ਰਿਹਾ ਸੀ ਕਿ ਸਾਨੂੰ ਇਕ ਵਾਰ ਖੇਤਰੀ ਪਾਰਟੀ ਵਜੋਂ ਚੋਣਾਂ ਲੜਨੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਭਾਜਪਾ ਕੋਲ ਵੀ ਪ੍ਰਤੀਕਿਰਿਆ ਆ ਰਹੀ ਸੀ ਕਿ ਇਕ ਵਾਰ ਆਪਣੇ ਪੱਧਰ ’ਤੇ ਵੋਟਰਾਂ ਨੂੰ ਵੋਟ ਪਾਉਣ ਦਾ ਮੌਕਾ ਦਿੱਤਾ ਜਾਵੇ। ਇਸ ਲਈ ਹੁਣ ਦੋਹਾਂ ਪਾਰਟੀਆਂ ਦੇ ਰਾਹ ਵੱਖੋ-ਵੱਖ ਹਨ। ਇਸ ਤੋਂ ਬਾਅਦ ਹੁਣ ਅਕਾਲੀ ਦਲ ਵੀ ਅੰਦਰਖ਼ਾਤੇ ਤਿਆਰੀ ਕਰੀ ਬੈਠਾ ਹੈ ਕਿ ਪੰਜਾਬ ਦੀਆਂ 13 ਸੀਟਾਂ ’ਤੇ ਪਾਰਟੀ ਦੇ ਉਮੀਦਵਾਰਾਂ ਨੂੰ ਉਤਾਰਿਆ ਜਾਵੇਗਾ। ਦੱਸਣਯੋਗ ਹੈ ਕਿ ਬੀਤੇ ਦਿਨੀਂ ਭਾਜਪਾ ਅਤੇ ਅਕਾਲੀ ਆਗੂਆਂ ਦੇ ਜੋ ਬਿਆਨ ਸਾਹਮਣੇ ਆ ਰਹੇ ਸਨ, ਉਨ੍ਹਾਂ ਤੋਂ ਕਿਤੇ ਨਾ ਕਿਤੇ ਇਹ ਧਾਰਨਾ ਬਣ ਗਈ ਸੀ ਕਿ ਦੋਹਾਂ ਪਾਰਟੀਆਂ ਵਿਚਾਲੇ ਗਠਜੋੜ ਜਲਦੀ ਹੋ ਜਾਵੇਗਾ ਪਰ ਅਜਿਹਾ ਨਹੀਂ ਹੋਇਆ। ਇਹ ਵੀ ਦੱਸ ਦੇਈਏ ਕਿ ਜਿੱਥੇ ਅਕਾਲੀ ਦਲ ਦੀ ਸੂਬੇ ਦੇ ਪਿੰਡਾਂ ’ਚ ਜ਼ਿਆਦਾ ਪਹੁੰਚ ਹੈ, ਉੱਥੇ ਹੀ ਭਾਜਪਾ ਦੀ ਸਥਿਤੀ ਸ਼ਹਿਰਾਂ ’ਚ ਜ਼ਿਆਦਾ ਮਜ਼ਬੂਤ ਹੈ। ਇਸ ਨੂੰ ਮੁੱਖ ਰੱਖਦਿਆਂ ਦੋਹਾਂ ਪਾਰਟੀਆਂ ਨੂੰ ਚੋਣਾਂ ਦੌਰਾਨ ਮੁਸ਼ਕਲ ਆ ਸਕਦੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਉਹ ਕਿਹੜੇ ਉਮੀਦਵਾਰ ਹਨ, ਜਿਨ੍ਹਾਂ ਨੂੰ ਅਕਾਲੀ ਦਲ ਅਤੇ ਭਾਜਪਾ ਲੋਕ ਸਭਾ ਦੇ ਚੋਣ ਮੈਦਾਨ ’ਚ ਉਤਾਰਦੀ ਹੈ।

### SFJ ਦਾ ਦਾਅਵਾ

# ਖਾਲਿਸਤਾਨ ਸਮਰਥਕ ਸਿੱਖਾਂ ਨੇ ਕੇਜਰੀਵਾਲ ਨੂੰ ਪ੍ਰੋ ਭੁੱਲਰ ਦੀ ਰਿਹਾਈ ਬਦਲੇ 16 ਮਿਲੀਅਨ ਡਾਲਰ ਦਾ ਫੰਡ ਦਿੱਤਾ

## ਖਾਲਿਸਤਾਨੀ ਜੇਲ੍ਹ ਅੰਦਰ ਫੰਡ ਦਾ ਹਿਸਾਬ ਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਲੈਣ ਹਿਸਾਬ

**ਲੰਡਨ, 16 ਮਾਰਚ (ਸਰਬਜੀਤ ਸਿੰਘ ਬਨੂੜ)** - ਆਮ ਆਦਮੀ ਪਾਰਟੀ ਦੇ ਸੁਪਰੀਮੋ ‘ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਮੁਸ਼ਕਲਾਂ ਘੱਟ ਦੀਆਂ ਨਜ਼ਰ ਨਹੀਂ ਆ ਰਹੀਆਂ। ਆਬਕਾਰੀ ਨੀਤੀ ਘਪਲੇ ਤੋਂ ਬਾਦ ਖਾਲਿਸਤਾਨ ਪੱਖੀ ਸਿੱਖਾਂ ਵੱਲੋਂ ਪੰਜਾਬ ਵਿੱਚ ਆਪ ਦੀ ਸਰਕਾਰ ਬਣਨ ਤੋਂ ਬਾਦ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਲਈ ਵੱਡੀ


ਆਵਾਜ਼ਿ ਕੌਮ
AWAZE QAUM
International Newspaper & WEB TV


ਰਕਮ ਦੇਣ ਦਾ ਨਵਾਂ ਮਾਮਲਾ ਸਾਹਮਣੇ ਆ ਗਿਆ ਹੈ। ਭਾਰਤ ਤੋਂ ਵੱਖ ਦੇਸ ਬਣਾਉਣ ਲਈ ਰੈਫਰੈਡਮ ਦੀ ਮੁਹਿੰਮ ਚਲਾ ਰਹੀ ਵੱਖਵਾਦੀ ਸਮੂਹ ਸਿੱਖਸ਼ ਫਾਰ ਜਸਟਿਸ ਦੇ ਜਨਰਲ ਕਾਉਂਸਲ ਗੁਰਪਤਵੰਤ ਸਿੰਘ ਪੰਨੂ ਨੇ ਇੱਕ ਵੀਡੀਓ ਜਾਰੀ ਕਰ ਦਾਅਵਾ ਕੀਤਾ ਗਿਆ ਕਿ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ 2014 ਵਿੱਚ ਗੁਰਦੁਆਰਾ ਰਿਚਮੰਡ ਹਿੱਲਜ਼, ਨਿਊਯਾਰਕ ਵਿੱਚ ਖਾਲਿਸਤਾਨ ਪੱਖੀ ਸਿੱਖਾਂ ਨਾਲ ਮੀਟਿੰਗ ਕੀਤੀ ਸੀ ਜਿੱਥੇ ਆਪ ਸੁਪਰੀਮੋ ਨੇ ਪ੍ਰੋ: ਭੁੱਲਰ ਨੂੰ ਵਿੱਤੀ ਸਹਾਇਤਾ ਦੇ ਬਦਲੇ ਚੋਣ ਜਿੱਤਣ ’ਤੇ ਰਿਹਾਅ ਕਰਨ ਦਾ ਵਾਅਦਾ ਕੀਤਾ ਗਿਆ ਸੀ। ਗੁਰਪਤਵੰਤ ਸਿੰਘ ਪੰਨੂ ਨੇ ਦਾਅਵਾ ਕੀਤਾ ਕਿ ਖਾਲਿਸਤਾਨ ਪੱਖੀ ਸਿੱਖਾਂ ਨੇ 2014-2022 ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ 16 ਮਿਲੀਅਨ ਡਾਲਰ ਕਰੋੜਾਂ ਰੁਪਏ ਤੋਂ ਵੱਧ ਦਾ ਚੰਦਾ ਦਿੱਤਾ ਸੀ। ਜਿਕਰਯੋਗ ਹੈ ਕਿ ਜਲਾਵਤਨੀ ਖਾਲਿਸਤਾਨ ਦੇ ਮੋਹਰੀ ਆਗੂਆਂ ਵੱਲੋਂ ਫੰਡ ਦੇ ਨਾਲ ਨਾਲ ਵਿਦੇਸ਼ੀ ਸਿੱਖਾਂ ਵੱਲੋਂ ਆਪ ਉਮੀਦਵਾਰਾਂ ਨੂੰ ਜਿਤਾਉਣ ਲਈ ਪੰਜਾਬ ਜਾ ਕੇ ਆਪਣੇ ਜੱਦੀ ਘਰਾਂ ਕੋਠੀਆਂ ਦੇ ਦਰਵਾਜ਼ੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਲਈ ਖੋਲ ਦਿੱਤੇ ਸਨ ਤੇ ਖੁੱਲ ਕੇ ਮਦਦ ਕੀਤੀ ਗਈ ਸੀ। ਪਰੰਤੂ 2022 ਵਿੱਚ ਪੰਜਾਬ ਵਿੱਚ ਹੂੰਝਾਂ ਫੇਰ ਆਪ ਦੇ ਜਿੱਤਣ , ਬਾਦਲ, ਕਾਂਗਰਸ ਦੇ ਵੱਡੇ ਥੰਮਾਂ ਦੇ ਡਿੱਗਣ ਤੋਂ ਬਾਦ ਵਿਦੇਸ਼ੀ ਸਿੱਖ ਖੁਸ ਜ਼ਰੂਰ ਸਨ ਪਰੰਤੂ ਬੰਦੀ ਸਿੰਘਾਂ ਦੀ ਰਿਹਾਈ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਇਨਸਾਫ਼, ਲਗਾਤਾਰ ਹੋ ਰਹੇ ਝੂਠੇ ਪੁਲਸ ਮੁਕਾਬਲਿਆਂ ਕਾਰਨ ਅੱਜ ਵੀ ਮਾਯੂਸ ਤੇ ਲੁੱਟੇ ਲੁੱਟੇ ਮਹਿਸੂਸ ਕਰ ਰਹੇ ਹਨ। ਕੀ ਆਪ ਦੀ ਭਗਵੰਤ ਮਾਨ ਸਰਕਾਰ ਵੀ ਦੂਜੀ ਸਰਕਾਰਾਂ ਵਾਂਗੂੰ ਸਿੱਖ ਵਿਰੋਧੀ ਹੀ ਨਿਕਲੀ ਹੈ।



ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਪੰਜਾਬ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਸਿੱਖਾਂ ਦੇ ਮਸਲੇ ਹੱਲ ਕਰਨ ਵਿੱਚ ਨਾ ਕਾਮਯਾਬ ਰਹੀਆਂ ਹਨ। ਇਸ ਦਾ ਇੱਕ ਹੱਲ ਖਾਲਿਸਤਾਨ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਖਾਲਿਸਤਾਨੀ ਜੇਲ੍ਹ ਅੰਦਰ ਫੰਡ ਦਾ ਹਿਸਾਬ ਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਹਿਸਾਬ ਲੈਣਗੇ।

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

### ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿੱਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਹੁਣ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿੱਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗ੍ਹਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਭਵਿੱਖ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਧਾਰਨ ਕਰ ਸਕਣ (ਇਸ ਤੋਂ ਇਲਾਵਾ ਇੱਕ ਵਿਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁੱਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿੱਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜਕ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਦਸਵੰਧ ਕੱਢ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ। ਇਹ ਜਗ੍ਹਾ £650,000 ਦੀ ਹੈ ਆਪ ਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ ਇੱਕ ਵਾਰ ਸੇਵਾ ਦੇਣੀ ਜਾਂ ਪੱਕੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨਾ ਜਿਵੇਂ ਆਪ ਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।

**ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਊਂਟ ਵਿੱਚ ਭੇਜ ਸਕਦੇ ਹੋ ਜੀ:**

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵੇਲੇ ਜ਼ਰੂਰ ਲਿਖੋ ਜੀ। ਧੰਨਵਾਦ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

Stay Connected:
email: info@damdamitaksal.co.uk

DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642

**ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜ਼ਮੀਰ ਦਾ ਮਰਜਾਣਾ ਯਕੀਨਨ ਮੌਤ ਹੈ।**

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

# ਖਾਲਸਾ ਸਕੂਲ ਵਿੱਚ ਵਿਦਿਆਰਥੀਆ ਦੇ ਸਲਾਨਾ ਇਮਤਿਹਾਨਾਂ ਦੇ ਐਲਾਨੇ ਨਤੀਜੇ

**ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :—** ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਬੁਰਜ ਮੱਖਣ ਸਿੰਘ ਵਾਲਾ ਵਿਖੇ ਦਮਦਮੀ ਟਕਸਾਲ ਮਹਿਤਾ ਵੱਲੋਂ ਸੰਤ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਜੋ ਕਿ ਦਮਦਮੀ ਟਕਸਾਲ ਦੇ ਮਜੂਦਾ ਮੁਖੀ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਿਹਾ ਹੈ ਇਸ ਵਿੱਦਿਅਕ ਅਦਾਰੇ ਵੱਲੋਂ ਵਿਦਿਆਰਥੀਆਂ ਦੇ ਨੋਨ ਬੋਰਡ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਐਲਾਨੇ ਗਏ। ਇਸ ਦੌਰਾਨ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮੇਂ ਵਿਦਿਆਰਥੀਆਂ ਵਿੱਚ ਖੁਸ਼ੀ ਦਾ ਮਾਹੌਲ ਵੇਖਿਆ ਗਿਆ, ਜਿੱਥੇ ਵਿਦਿਆਰਥੀ ਵੱਲੋਂ ਇਮਤਿਹਾਨਾਂ ਦੇ ਨਤੀਜਿਆਂ ਵਿੱਚੋ ਚੰਗੇ ਨੰਬਰ ਪ੍ਰਾਪਤ ਕਰਕੇ ਉਨ੍ਹਾਂ ਦੇ ਚਿਹਰੇ ਖੁਸ਼ੀ ਨਾਲ ਖਿੜ੍ਹੇ ਸਨ, ਉੱਥੇ ਉਨ੍ਹਾਂ ਵੱਲੋਂ ਅਗਲੀਆਂ ਜਮਾਤਾਂ ਵਿੱਚ ਦਾਖਲਾ ਲੈਣ ਲਈ ਕਾਫੀ ਉਤਸ਼ਾਹ ਸੀ। ਇਸ ਮੌਕੇ ਸਕੂਲੀ ਸਟਾਫ ਵੱਲੋਂ ਵਿਦਿਆਰਥੀਆਂ ਦੇ ਮਾਤਾ ਪਿਤਾ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਸਕੂਲ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਵੱਲੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਸਨਮਾਨਿਤ ਕੀਤਾ ਗਿਆ ਅਤੇ ਵਧਾਈਆਂ ਦਿੱਤੀਆਂ ਗਈਆਂ। ਮੈਡਮ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਵਿੱਚ ਸਫਲ ਹੋਣ ਲਈ ਬਹੁਤ ਮਿਹਨਤ ਕਰਨ ਦੀ ਲੋੜ ਹੈ ਅਸੀਂ ਵਿਦਿਆਰਥੀਆਂ ਦੇ ਮਾਤਾ ਪਿਤਾ ਨਾਲ ਵਾਅਦਾ ਕਰਦੇ ਹਾਂ ਕਿ ਵਿਦਿਆਰਥੀਆਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਨਿਪੁੰਨ ਕਰਨ ਦੇ ਨਾਲ—ਨਾਲ ਸੰਸਕਾਰੀ, ਮਾਤਾ ਪਿਤਾ ਦੇ ਆਗਿਆਕਾਰੀ ਚੰਗੀ ਸ਼ਖ਼ਸੀਅਤ ਦੇ ਧਾਰਨੀ ਬਣਾਵਾਂਗੇ ਤਾਂ ਜ਼ੋ ਜ਼ੋ ਬੱਚੇ ਆਪਣੇ ਮਾਪਿਆਂ ਦੀਆਂ ਉਮੀਦਾਂ ਤੇ ਖਰ੍ਹੇ ਉਤਰ ਸਕਣ। ਇਸ ਮੌਕੇ ਗਿਆਨੀ ਸਾਬ ਸਿੰਘ, ਜਥੇਦਾਰ ਭਾਈ ਸੁਖਦੇਵ ਸਿੰਘ ਮੁੱਖ ਬੁਲਾਰੇ ਦਮਦਮੀ ਟਕਸਾਲ, ਭਾਈ ਰਛਪਾਲ ਸਿੰਘ, ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ, ਮਾਸਟਰ ਬਲਰਾਜ ਸਿੰਘ, ਮੈਡਮ ਅਨੁਰਾਧਾ ਪਿੰਡਾ ਦੇ ਮੋਹਤਬਰ ਸੱਜਣ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।






ਆਵਾਜ਼ਿ ਕੌਮ
AWAZE QAUM
International Newspaper & WEB TV

24 SERVICE EVERYDAY HOURS
PURE AND NATURAL 100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra
VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi
ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼
www.damdamitaksal.net
ਮੁਕਤਾ
ਾ ਕੰਨਾ
ਿ ਸਿਹਾਰੀ
ੀ ਬਿਹਾਰੀ
ੁ ਔਂਕੜ
ੂ ਦੁਲੈਂਕੜ
ੇ ਲਾਂ
ੈ ਦੁਲਾਵਾਂ
ੋ ਹੋੜਾ
ੌ ਕਨੌੜਾ
ੰ ਟਿੱਪੀ
ਂ ਕੰਨਾ-ਬਿੰਦੀ
www.damdamitaksal.net
੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI

# SANT BEANT SINGH JI

BER KALAN WALE | UK TOUR 2024

SAT 2ND MARCH - SUN 3RD MARCH: SOUTHAMPTON

MON 4TH MARCH - SUN 10TH MARCH 7:40-8:20PM:
NANAKSAR THATH ISHER DARBAR, WOLVERHAMPTON, WV3 0JU

MON 11TH MARCH - TUES 12TH MARCH 7:30-8:00PM:
GURU HAR RAI GURDWARA, WEST BROMWICH, B70 6JW

WED 13TH MARCH - FRI 15TH MARCH 6:45-7:45PM:
DARBAR SRI GURU GRANTH SAHIB JI, WALSALL, WS2 9EQ

SAT 16TH MARCH 7:30-8:00PM:
GURU HAR RAI GURDWARA, WEST BROMWICH, B70 6JW

SUN 17TH MARCH 2:00-3:00PM:
GURU HAR RAI GURDWARA, WEST BROMWICH, B70 6JW

SUN 17TH MARCH 6:30-7:30PM:
GURDWARA GURU NANAK PARKASH, COVENTRY, CV1 4FB

MON 18TH - SUN 24TH MARCH
7:30-8:15AM | 10:00-11:00AM | 6:30-7:15PM:
BABA SANG GURDWARA, SMETHWICK, B66 1EE

MON 25TH - SUN 31ST MARCH: SOUTHALL

SANT BEANT SINGH | WHATSAPP: +918530000006



ਪੰਥੀ ਸਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia


ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net

ਸਾਬਤ ਸੂਰਤਿ ਦਸਤਾਰ ਸਿਰਾ

## ਦਸਤਾਰਾਂ ਹੀ ਦਸਤਾਰਾਂ



## ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ.:
+91 98882-22446

# ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ
ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
ਆਵਾਜ਼ਿ ਕੌਮ AWAZE QAUM
International Newspaper & WEB TV
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH


ੴ ਸ਼੍ਰੀ ਵਾਹਿਗੁਰੂ ਜੀ ਕੀ ਫਤਿਹ
ਖਾਲਸਾਈ ਖੇਡਾਂ
ਮਿਤੀ 6 ਅਪ੍ਰੈਲ 2024 ਦਿਨ ਸ਼ਨੀਵਾਰ
ਆਵਾਜ਼ਿ ਕੌਮ AWAZE QAUM International Newspaper & WEB TV
ਗੱਤਕਾ ਕੱਪ
ਨਾਟਕ
ਕੋਰੀਉਗ੍ਰਾਫੀ
ਗੱਤਕਾ ਮੁਕਾਬਲੇ
ਆਰੰਭ ਸ਼੍ਰੀ ਆਖੰਡ ਪਾਠ ਸਾਹਿਬ ਮਿਤੀ : 4 ਅਪ੍ਰੈਲ ਦਿਨ ਵੀਰਵਾਰ
ਭੋਗ ਸ਼੍ਰੀ ਆਖੰਡ ਪਾਠ ਸਾਹਿਬ ਮਿਤੀ : 6 ਅਪ੍ਰੈਲ ਦਿਨ ਸ਼ਨੀਵਾਰ
ਗੁ: ਰੋੜੀ ਸਾਹਿਬ, ਪਿੰਡ ਡਾਲਾ (ਮੋਗਾ)
LIVE ON
Nihang TV
ਭੋਗ ਉਪਰੰਤ
ਭਾਈ ਮਨਧੀਰ ਸਿੰਘ ਖਾਲਸਾ
ਸੰਗਤਾ ਨੂੰ ਗੁਰਮਤਿ ਵਿਚਾਰਾਂ ਰਾਂਹੀ
ਨਿਹਾਲ ਕਰਨਗੇ
Sikh phulwari vikas gurmat kendar dala
Like us Facebook page
ਸਮਾ:- ਗੱਤਕਾ ਸ਼ਾਮ 6ਵਜੇ ਤੋਂ ਦੇਰ ਰਾਤ ਤੱਕ
ਸਪੰਰਕ : 94658-51126, 92172-11786
GURUJI FLEX MOGA
WALLPAPER FLOOR MATT
FLEX, VINYAL, ONEWAY VISION PRINTING 98141-83619




# ਗੱਤਕਾ ਖੇਡ ਲੜਕੀਆਂ ਲਈ ਸਵੈ-ਰੱਖਿਆ ਦਾ ਬਿਹਤਰ, ਸੁਖਾਲਾ ਤੇ ਸਸਤਾ ਬਦਲ - ਗਰੇਵਾਲ

**ਸ੍ਰੀ ਅਨੰਦਪੁਰ ਸਾਹਿਬ, 26 ਮਾਰਚ (ਆਵਾਜ਼ਿ ਕੌਮ ਬਿਊਰੋ)**- ਹੋਲੇ-ਮਹੱਲੇ ਦਾ ਪਵਿੱਤਰ ਦਿਹਾੜਾ ਸਿੱਖਾਂ ਅੰਦਰ ਜ਼ਬਰ-ਜ਼ੁਲਮ ਵਿਰੁੱਧ ਜੂਝਣ, ਭਗਤੀ, ਸ਼ਕਤੀ ਅਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ ਅਪਨਾਉਣ ਲਈ ਨਵਾਂ ਜੋਸ਼ ਅਤੇ ਉਤਸ਼ਾਹ ਭਰਦਾ ਹੈ। ਅਜੋਕੇ ਦੌਰ ਵਿੱਚ ਗੁਰਸਿੱਖੀ ਅਤੇ ਵਿਰਸੇ ਦੀ ਸੰਭਾਲ ਲਈ ਗੱਤਕਾ ਖੇਡ ਲੜਕਿਆਂ ਖਾਸ ਕਰਕੇ ਲੜਕੀਆਂ ਲਈ ਸਵੈ-ਰੱਖਿਆ ਦਾ ਬਿਹਤਰ, ਸੁਖਾਲਾ ਅਤੇ ਸਸਤਾ ਬਦਲ ਹੈ ਜਿਸ ਨਾਲ ਖਿਡਾਰੀਆਂ ਲਈ ਤੰਦਰੁਸਤੀ ਅਤੇ ਨਿਰਭਓ ਹੋ ਕੇ ਜਿੰਦਗੀ ਜਿਉਣ ਦਾ ਮੌਕਾ ਪ੍ਰਦਾਨ ਹੁੰਦਾ ਹੈ। ਇਹ ਪ੍ਰਗਟਾਵਾ ਇੱਥੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਦੇ ਚੇਅਰਮੈਨ ਸ. ਹਰਜੀਤ ਸਿੰਘ ਗਰੇਵਾਲ, ਸੰਯੁਕਤ ਡਾਇਰੈਕਟਰ, ਲੋਕ ਸੰਪਰਕ ਵਿਭਾਗ ਪੰਜਾਬ ਨੇ ਕੌਂਸਲ ਵੱਲੋਂ ਆਰੰਭੀ ਵਿਰਸਾ ਸੰਭਾਲ ਗੱਤਕਾ ਮੁਕਾਬਲਾ ਲੜੀ ਤਹਿਤ ਖਾਲਸੇ ਦੇ ਇਤਿਹਾਸਕ ਕੌਮੀ ਉਤਸਵ ਹੋਲੇ-ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ 10ਵਾਂ ਵਿਰਸਾ ਸੰਭਾਲ ਹੋਲਾ-ਮਹੱਲਾ ਗੱਤਕਾ ਕੱਪ-2024 ਦਾ ਉਦਘਾਟਨ ਕਰਦਿਆਂ ਕੀਤਾ। ਇਸ ਮੌਕੇ ਉਨਾਂ ਨਾਲ ਬਾਬਾ ਸ਼ੇਰ ਸਿੰਘ ਚੱਕ ਮਾਹੋਰਾਣਾ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਮੀਤ ਪ੍ਰਧਾਨ ਸੁਖਚੈਨ ਸਿੰਘ ਕਲਸਾਣੀ ਅਤੇ ਗੱਤਕਾ ਐਸੋਸੀਏਸਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਲੁਧਿਆਣਾ ਵੀ ਹਾਜਰ ਸਨ। ਇਸ ਮੌਕੇ ਸੁਖਚੈਨ ਸਿੰਘ ਕਲਸਾਣੀ ਨੇ ਸਿੱਖ ਸ਼ਸਤਰ ਵਿੱਦਿਆ ਕੌਂਸਲ ਵੱਲੋਂ ਅਰੰਭੀ 'ਵਿਰਸਾ ਸੰਭਾਲ ਸ਼ਸਤਰ ਵਿੱਦਿਆ ਲਹਿਰ' ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਜਦੋਂ ਅੱਜ ਸਾਡੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨੂੰ ਭੁੱਲਦੀ ਜਾ ਰਹੀ ਹੈ ਤਾਂ ਉਸ ਸਮੇਂ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਹੋਲੇ-ਮਹੱਲੇ ਦਾ ਤਿਉਹਾਰ ਅਤੇ ਅਜਿਹੇ ਵਿਰਸਾ ਸੰਭਾਲ ਮੁਕਾਬਲੇ ਪ੍ਰੇਰਨਾ ਸਰੋਤ ਬਣਦੇ ਹਨ। ਗੱਤਕਾ ਐਸੋਸੀਏਸਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਲੁਧਿਆਣਾ ਨੇ ਦੱਸਿਆ ਕਿ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ (ਇਸਮਾ) ਅਤੇ ਗਲੋਬਲ ਸਿੱਖ ਕੌਂਸਲ ਦੇ ਸਹਿਯੋਗ ਨਾਲ ਕਰਵਾਏ ਇਹ ਵਿਰਾਸਤੀ ਸ਼ਸਤਰ ਵਿੱਦਿਆ ਅਤੇ ਜੰਗਜੂ ਖੇਡ ਗੱਤਕੇ ਮੁਕਾਬਲੇ ਪੂਰੇ ਖਾਲਸਾਈ ਜਾਹੋ-ਜਲਾਲ ਨਾਲ ਸਮਾਪਤ ਹੋਏ ਜਿਸ ਵਿੱਚ ਵੱਖ-ਵੱਖ ਜਿਲ੍ਹਿਆਂ ਅਤੇ ਰਾਜਾਂ ਤੋਂ ਪਹੁੰਚੇ ਚੋਟੀ ਦੇ ਅਖਾੜਿਆਂ ਨੇ ਖੰਡੇ, ਢਾਲਾਂ-ਤਲਵਾਰਾਂ, ਨੇਜਿਆਂ, ਬਰਛਿਆਂ, ਡਾਂਗਾਂ ਅਤੇ ਚੱਕਰ ਚਲਾ ਕੇ ਜੰਗਜੂ ਕਰਤਬ ਦਿਖਾਏ ਅਤੇ ਦਰਸ਼ਕਾਂ ਨੂੰ ਦੰਦ ਜੋੜਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਵਿਰਸਾ ਸੰਭਾਲ ਸ਼ਸਤਰ ਵਿੱਦਿਆ ਅਤੇ ਗੱਤਕਾ ਮੁਕਾਬਲਿਆਂ ਦੀ ਲੜੀ ਪੂਰੇ ਦੇਸ਼ ਵਿੱਚ ਜਾਰੀ ਰਹੇਗੀ। ਜ਼ਿਲ੍ਹਾ ਰੂਪਨਗਰ ਗੱਤਕਾ ਐਸੋਸੀਏਸ਼ਨ ਦੀ ਪ੍ਰਧਾਨ ਬੀਬੀ ਮਨਜੀਤ ਕੌਰ ਨੇ ਕਿਹਾ ਕਿ ਇਹ ਵਿਰਸਾ ਸੰਭਾਲ ਗੱਤਕਾ ਮੁਕਾਬਲੇ ਕਰਵਾਉਣ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਅਤੇ ਕੁਰਹਿਤਾਂ ਤੋਂ ਦੂਰ ਰੱਖਣ, ਤੰਦਰੁਸਤ ਜੀਵਨ ਜਿਉਣ, ਵਿਰਸੇ ਅਤੇ ਬਾਣੀ-ਬਾਣੇ ਨਾਲ ਜੋੜਨਾ ਹੈ। ਉਨਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਸਿੱਖ ਆਪਣੇ ਵਿਰਸੇ ਨੂੰ ਅਪਣਾਵੇ ਅਤੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਹੋਵੇ। ਖਾਲਸੇ ਦੀ ਆਨ, ਬਾਨ ਤੇ ਸ਼ਾਨ ਦਾ ਪ੍ਰਤੀਕ ਇੰਨਾਂ ਗੱਤਕਾ ਮੁਕਾਬਲਿਆਂ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਕੁੱਲ 10 ਚੋਟੀ ਦੀਆਂ ਟੀਮਾਂ ਨੇ ਭਾਗ ਲਿਆ। ਗੱਤਕਾ ਪ੍ਰਦਰਸ਼ਨੀ ਮੁਕਾਬਿਲਆਂ ਵਿੱਚ ਖਾਲਸਾ ਗੱਤਕਾ ਅਕੈਡਮੀ ਹਰਿਆਣਾ, ਨੈਸ਼ਨਲ ਕਲਗੀਧਰ ਗੱਤਕਾ ਅਖਾੜਾ ਭਾਂਬਰੀ, ਫ਼ਤਿਹਗੜ੍ਹ ਸਾਹਿਬ, ਬਾਬਾ ਜੀਵਨ ਸਿੰਘ ਗੱਤਕਾ ਅਖਾੜਾ ਮੋਰਿੰਡਾ, ਰੋਪੜ, ਪ੍ਰਥਮ ਸਹਾਏ ਗੱਤਕਾ ਅਖਾੜਾ ਲੁਧਿਆਣਾ, ਮੀਰੀ-ਪੀਰੀ ਗੱਤਕਾ ਅਖਾੜਾ ਘਨੌਲੀ, ਰੋਪੜ, ਬਾਬਾ ਜੋਰਾਵਾਰ ਸਿੰਘ ਜੀ ਬਾਬਾ ਫ਼ਤਿਹ ਸਿੰਘ ਜੀ ਗੱਤਕਾ ਅਖਾੜਾ ਸਮਰਾਲਾ, ਬਾਬਾ ਸ਼ਾਦੀ ਸਿੰਘ ਗੱਤਕਾ ਅਖਾੜਾ ਬਜੀਦਪੁਰ, ਰੋਪੜ, ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਗੱਤਕਾ ਅਖਾੜਾ ਰਡਿਆਲਾ, ਮੁਹਾਲੀ, ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਰੋਪੜ, ਸ਼ਹੀਦਾਂ ਸਿੰਘਾਂ ਗੱਤਕਾ ਅਖਾੜਾ ਨਵਾਂ ਸ਼ਹਿਰ, ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਇੰਟਰਨੈਸ਼ਨਲ ਗੱਤਕਾ ਅਖਾੜਾ ਤਿਊੜ, ਮੁਹਾਲੀ ਦੇ ਗੱਤਕੇਬਾਜ਼ ਲੜਕੇ ਅਤੇ ਲੜਕੀਆਂ ਨੇ ਯੁੱਧ ਕਲਾ ਦੇ ਜੌਹਰ ਦਿਖਾਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੱਤਕਾ ਐਸੋਸੀਏਸ਼ਨ ਦਿੱਲੀ ਦੇ ਪ੍ਰਧਾਨ ਗੁਰਮੀਤ ਸਿੰਘ ਰਾਣਾ, ਇਸਮਾ ਦੇ ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਨੈਸ਼ਨਲ ਕੋਆਰਡੀਨੇਟਰ ਯੋਗਰਾਜ ਸਿੰਘ, ਬਲਜੀਤ ਸਿੰਘ ਬੱਲੀ ਬਟਾਲਾ, ਜ਼ਿਲ੍ਹਾ ਰੂਪਨਗਰ ਗੱਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਕਾਕੂ, ਵਿੱਤ ਸਕੱਤਰ ਜਸਪ੍ਰੀਤ ਸਿੰਘ, ਬਾਜ ਖ਼ਾਲਸਾ ਗੱਤਕਾ ਅਖਾੜੇ ਦੇ ਮੁਖੀ ਗੁਰਪ੍ਰੀਤ ਸਿੰਘ ਰੋਪੜ, ਸਰਬਜੀਤ ਸਿੰਘ ਅਨੰਦਪੁਰ ਸਾਹਿਬ, ਰਵਿੰਦਰਪਾਲ ਸਿੰਘ ਚੰਡੀਗੜ੍ਹ ਗੱਤਕਾ ਐਸੋਸੀਏਸ਼ਨ, ਜਸਬੀਰ ਸਿੰਘ ਜੱਸੀ ਬਟਾਲਾ, ਸੰਤੋਖ ਸਿੰਘ ਅਨੰਦਪੁਰ ਸਾਹਿਬ ਆਦਿ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਹੋਲੇ-ਮਹੱਲੇ ਮੌਕੇ ਕੌਮਾਂਤਰੀ ਸਿੱਖ ਸ਼ਸਤਰ ਵਿੱਦਿਆ ਕੌਂਸਲ ਵੱਲੋਂ 10ਵੇਂ ਵਿਰਸਾ ਸੰਭਾਲ ਗੱਤਕਾ ਮੁਕਾਬਲੇ





ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥
ਖ਼ਾਲਸੇ ਮਹਿ ਹੌ ਕਰੌ ਨਿਵਾਸ ॥

# ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ

## Guru Nanak Gurdwara Cultural & Recreational Centre



ਵੱਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ

# ਧਾਰਮਿਕ ਸਮਾਗਮ

## 21 ਅਪ੍ਰੈਲ ਦਿਨ ਐਤਵਾਰ

### ★ ਪ੍ਰੋਗਰਾਮ ★

**21 ਅਪ੍ਰੈਲ ਸਵੇਰੇ 11ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ।**

ਉਪਰੰਤ ਭਾਈ ਇੰਦਰਜੀਤ ਸਿੰਘ ਬੰਬੇ ਵਾਲੇ ਜਥਾ ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਢਾਡੀ ਜਥਾ ਭਾਈ ਰਸਾਲ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ਼ ਜੋੜ ਸਿੱਖ ਇਤਿਹਾਸ ਦੀਆਂ ਵਾਰਾਂ ਨਾਲ਼ ਅਤੇ ਰਸ ਭਿੰਨੇ ਕੀਰਤਨ ਨਾਲ਼ ਨਿਹਾਲ ਕੀਤਾ ਜਾਵੇਗਾ।

**ਉੱਘੀਆਂ ਪੰਥਕ ਸ਼ਖਸ਼ੀਅਤਾਂ ਵੀ ਇਸ ਸਮਾਗਮ ਆਪਣੇ ਵਿਚਾਰਾਂ ਨਾਲ਼ ਹਾਜ਼ਰੀ ਭਰਨਗੀਆ।**

### ★ ਪ੍ਰਬੰਧਕ ਕਮੇਟੀ ★



ਭਾਈ ਭਾਗ ਸਿੰਘ (ਪ੍ਰਧਾਨ), ਭਾਈ ਸਰਬਜੀਤ ਸਿੰਘ ਦਿਓਲ (ਮੀਤ ਪ੍ਰਧਾਨ), ਭਾਈ ਲਖਬੀਰ ਸਿੰਘ ਰਾਏ (ਜਨਰਲ ਸਕੱਤਰ), ਭਾਈ ਲਖਬੀਰ ਸਿੰਘ ਰੰਧਾਵਾ (ਮੀਤ ਸਕੱਤਰ), ਭਾਈ ਗੁਰਮੇਲ ਸਿੰਘ (ਸਟੇਜ ਸਕੱਤਰ), ਭਾਈ ਅਮਰੀਕ ਸਿੰਘ (ਖਜਾਨਚੀ), ਬੀਬੀ ਬਲਵਿੰਦਰ ਕੌਰ ਸੰਧਰ (ਜਥੇਦਾਰਨੀ), ਭਾਈ ਬਲਦੇਵ ਸਿੰਘ (ਹੈਲਥ ਮਨਿਸਟਰ), ਭਾਈ ਜਸਵੀਰ ਸਿੰਘ (ਮੀਤ ਖਜਾਨਚੀ), ਭਾਈ ਅਵਤਾਰ ਸਿੰਘ ਮੱਲ੍ਹੀ (ਬਿਲਡਿੰਗ ਮੈਨਟੀਨੈਂਸ), ਸਰਦਾਰ ਮਹਿੰਦਰ ਸਿੰਘ ਉੱਪਲ।

**ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸਿੱਖ ਇਤਿਹਾਸ ਸਰਵਣ ਕਰਕੇ ਲਾਹਾ ਪ੍ਰਾਪਤ ਕਰੋ ਜੀ।**

## ਬੇਨਤੀ ਕਰਤਾ : ਪ੍ਰਬੰਧਕ ਕਮੇਟੀ ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ ਅਤੇ ਸਮੂਹ ਸਾਧ ਸੰਗਤ

**2-20 Tunbridge Street, Preston, Lancashire PR1 5YP**
**Contact : 01772-798 395/07958 683 500**

ਸਾਰੇ ਪ੍ਰੋਗਰਾਮ ਦਾ
ਲਾਈਵ ਪ੍ਰਸਾਰਣ
ਆਵਾਜ਼ਿ ਕੌਮ AWAZE QAUM WEB TV
'ਤੇ ਦੇਖਿਆ ਜਾ ਸਕਦਾ ਹੈ।




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

ਵਿਸਾਖੀ 1978 ਅਤੇ ਜੂਨ 1984 ਦੇ ਸ਼ਹੀਦਾਂ ਦੀ 40 ਸਾਲਾ ਯਾਦ ਵਿੱਚ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ

## ਸਲਾਨਾ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ 25 ਮਾਰਚ ਤੋਂ 1 ਅਪ੍ਰੈਲ ਤੱਕ

# ਇੰਟਰਨੈਸ਼ਨਲ ਰੈਣ ਸਬਾਈ ਕੀਰਤਨ

## 30 ਮਾਰਚ ਐਤਵਾਰ ਸ਼ਾਮ 6:00 ਤੋਂ 1 ਅਪ੍ਰੈਲ 5:00 ਵਜੇ ਸਵੇਰ ਤੱਕ

VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਖਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ਅਤੇ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਕੀਤੇ ਜਾ ਰਹੇ ਸਾਲਾਨਾ ਇੰਟਰਨੈਸ਼ਨਲ ਕੀਰਤਨ ਸਮਾਗਮਾਂ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰਨ ਲਈ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਉੱਘੇ ਕੀਰਤਨੀਏ ਪਹੁੰਚ ਰਹੇ ਹਨ। ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਅਤੇ ਸਮੂਹ ਸਿੱਖ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਸਮਾਗਮਾਂ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਿੰਘ ਸਭਾ ਡਰਬੀ ਵਿਖੇ ਪਹੁੰਚ ਕੇ ਹਾਜ਼ਰੀਆਂ ਭਰੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ : ਸ੍ਰੀ ਅਖੰਡ ਪਾਠ ਸਾਹਿਬ

ਆਰੰਭ ਸੋਮਵਾਰ 25 ਮਾਰਚ ਸਵੇਰੇ 6:00 ਵਜੇ – ਭੋਗ ਬੁੱਧਵਾਰ 27 ਮਾਰਚ ਸ਼ਾਮ 6:00 ਵਜੇ
ਉਪ੍ਰੰਤ ਦੀਵਾਨ ਸਜੇਗਾ ਅਤੇ ਸ਼ਾਮ 6:00 ਤੋਂ 9:00 ਵਜੇ ਤੱਕ ਅਖੰਡ ਕੀਰਤਨ ਹੋਵੇਗਾ

### ਆਸਾ ਦੀ ਵਾਰ ਕੀਰਤਨ

ਵੀਰਵਾਰ 28 ਮਾਰਚ ਸਵੇਰੇ 6 ਵਜੇ ਆਰੰਭ
ਸ਼ੁੱਕਰਵਾਰ 29 ਮਾਰਚ ਸਵੇਰੇ 6 ਵਜੇ ਆਰੰਭ
ਸ਼ਨੀਵਾਰ 30 ਮਾਰਚ ਸਵੇਰੇ 6 ਵਜੇ ਆਰੰਭ

### ਸ਼ਾਮ ਨੂੰ ਪਾਠ ਰਹਿਰਾਸ ਤੇ ਕੀਰਤਨ

ਵੀਰਵਾਰ 28 ਮਾਰਚ ਸ਼ਾਮ 6:00 ਤੋਂ 9:00
ਸ਼ੁੱਕਰਵਾਰ 29 ਮਾਰਚ ਸ਼ਾਮ 6:00 ਤੋਂ 10:00
ਸ਼ਨੀਵਾਰ 30 ਮਾਰਚ ਸ਼ਾਮ 6:00 ਤੋਂ 12:00

# ਵਿਸ਼ੇਸ਼ ਪੰਥਕ ਗੋਸ਼ਟੀ

## 31 ਮਾਰਚ ਐਤਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ

ਹੇਠਾਂ ਲਿਖੇ ਬੁਲਾਰੇ ਵੱਖ ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕਰਨਗੇ

* ਪ੍ਰੋ: ਦਲਜੀਤ ਸਿੰਘ ਵਿਰਕ – ਅਖੰਡ ਕੀਰਤਨੀ ਜਥੇ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਯੋਗਦਾਨ
* ਪ੍ਰਿੰਸੀਪਲ ਸੁਜਿੰਦਰ ਸਿੰਘ ਸੰਘਾ – ਸਿੱਖ ਪੰਥ ਦੀ ਮੌਜੂਦਾ ਸਿਆਸੀ ਸਥਿਤੀ ਅਤੇ ਸਿੱਖਾਂ ਦਾ ਪੰਜਾਬ ਵਿੱਚ ਬੋਲਬਾਲਾ ਕਿਵੇਂ ਹੋਵੇ
* ਭਾਈ ਜੋਗਿੰਦਰ ਸਿੰਘ – ਗੁਰੂ ਡੰਮ੍ਹ, ਡੇਰਾਵਾਦ ਅਤੇ ਦੂਜੇ ਧਰਮਾਂ ਦਾ ਵੱਧ ਰਿਹਾ ਪ੍ਰਭਾਵ
* ਭਾਈ ਜੇਗਾ ਸਿੰਘ – 1978 ਅਤੇ ਜੂਨ 1984 ਦੇ ਸਾਕੇ ਅਤੇ ਪਾਕਿਸਤਾਨ ਵਿੱਚ ਗੁਰ ਅਸਥਾਨਾਂ ਦੀ ਹੋ ਰਹੀ ਕਾਰ ਸੇਵਾ ਬਾਰੇ ਚਾਨਣਾ ਪਾਉਣਗੇ
* ਭਾਈ ਬਲਬੀਰ ਸਿੰਘ ਬੈਂਸ – ਬੰਦੀ ਸਿੰਘਾਂ ਤੇ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੀ ਰਿਹਾਈ
* ਮਨਪ੍ਰੀਤ ਸਿੰਘ (wsp)– ਖਾਲਸਾ ਹਲੇਮੀ ਰਾਜ ਦੀ ਜ਼ਰੂਰਤ ਤੇ ਸਰੋਕਾਰ (ਕਿਹੋ ਜਿਹਾ ਹੋਏਗਾ)
* ਤੇਜਾ ਸਿੰਘ – ਯੂ ਕੇ 'ਚ ਸਿੱਖ ਸਕੂਲਾਂ ਦਾ ਐਜੂਕੇਸ਼ਨ ਵਿੱਚ ਸਥਾਨ ਤੇ ਪ੍ਰਾਪਤੀਆਂ
* ਗੁਰਮੇਲ ਸਿੰਘ ਕੰਦੋਲਾ (ਸੁਪਰੀਮ ਸਿੱਖ ਕੌਂਸਲ) – ਬਰਤਾਨਵੀ ਸਰਕਾਰ ਵੱਲੋਂ ਅੱਤਵਾਦ ਸਬੰਧੀ ਬਣਾਏ ਗਏ ਨਵੇਂ ਕਾਨੂੰਨਾਂ ਦਾ ਸਿੱਖਾਂ ਉੱਤੇ ਅਸਰ ਹੋ ਸਕਦਾ ਹੈ
* ਰਣਜੀਤ ਸਿੰਘ ਰਾਣਾ – ਖਾਲਸਾ ਸਿਰਜਨਾ ਦੇ ਸੰਦਰਭ ਵਿੱਚ ਮੌਜੂਦਾ ਖਾਲਸਾ ਪੰਥ ਦੀ ਸਥਿਤੀ
* ਦੁਪਿੰਦਰਜੀਤ ਸਿੰਘ – ਖਾਲਸਾ ਹਲੇਮੀ ਰਾਜ ਦੀ ਸਥਾਪਤੀ ਲਈ ਰਣਨੀਤੀ ਕੀ ਹੋਵੇ
* ਡਾ: ਗੁਰਨਾਮ ਸਿੰਘ – ਸਿੱਖ ਮੀਡੀਆ ਦੀਆਂ ਜ਼ਿੰਮੇਵਾਰੀਆਂ ਅਤੇ ਚੁਣੌਤੀਆਂ




### ਅੰਮ੍ਰਿਤ ਸੰਚਾਰ 30 ਮਾਰਚ ਸ਼ਨਿਚਰਵਾਰ ਨੂੰ

30 ਮਾਰਚ 2024 ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 2:00 ਵਜੇ ਅੰਮ੍ਰਿਤ ਸੰਚਾਰ ਹੋ ਰਹੇ ਹਨ, ਅਭਿਲਾਖੀ ਸੱਜਣ ਤਿਆਰ ਬਰ ਤਿਆਰ ਹੋ, ਕੇਸ ਇਸ਼ਨਾਨ ਕਰ ਸਮੇਂ ਸਿਰ ਪਹੁੰਚਣ ਦੀ ਮਿਹਰਬਾਨੀ ਕਰਨ ਅਤੇ ਪ੍ਰਬੰਧਕਾਂ ਕੋਲ ਆਪਣੇ ਨਾਂ ਲਿਖਵਾ ਦੇਣ।



### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਹਵਾਈ ਅੱਡੇ / ਟਰੇਨ ਸਟੇਸ਼ਨ ਤੋਂ ਲਿਆਉਣ ਲਈ
ਭਾਈ ਬਗਵੀਰ ਸਿੰਘ – 07908 266984
ਰਿਹਾਇਸ਼ ਦਾ ਪ੍ਰਬੰਧ – 07770 909680 / 07514 505239
ਨੋਟ:– ਆਪਣੇ ਸ਼ਹਿਰਾਂ ਵਿੱਚ ਟਰਾਂਸਪੋਰਟ ਬਾਰੇ ਜਾਣਕਾਰੀ ਲਈ ਅਖੰਡ ਕੀਰਤਨੀ ਜਥੇ ਦੇ ਸਥਾਨਕ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ

ਵੱਖ ਵੱਖ ਟੀ ਵੀ ਚੈਨਲਾਂ, ਸਿੰਘ ਸਭਾ ਯੂ ਟਿਊਬ ਅਤੇ ਅਖੰਡ ਕੀਰਤਨੀ ਜਥੇ ਦੇ ਇੰਟਰਨੈਟ ਰੇਡੀਓ ਵੱਲੋਂ ਸਮਾਗਮਾਂ ਦੀ ਕਵਰੇਜ ਦਿੱਤੀ ਜਾਵੇਗੀ

**ਬੇਨਤੀ ਕਰਤਾ:** **ਅਖੰਡ ਕੀਰਤਨੀ ਜਥਾ ਯੂ ਕੇ** — ਜਨਰਲ ਸੈਕਟਰੀ – ਭਾਈ ਦਲਜੀਤ ਸਿੰਘ ਵਿਰਕ

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ** — ਪ੍ਰਧਾਨ: ਭਾਈ ਰਘਬੀਰ ਸਿੰਘ, ਜ: ਸੈਕਟਰੀ: ਭਾਈ ਰਜਿੰਦਰ ਸਿੰਘ, ਖਜ਼ਾਨਚੀ: ਅਜੀਤ ਸਿੰਘ – 07533 362911

VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010

# 'ਇੰਜੀਨੀਅਰ ਗਰੁੱਪ' ਦਾ ਸੰਘਰਸ਼ਸ਼ੀਲ ਸਿਦਕੀ ਸਿੱਖ - ਡਾ. ਪ੍ਰੀਤਮ ਸਿੰਘ ਸੇਖੋਂ

**ਡਾ. ਪ੍ਰੀਤਮ ਸਿੰਘ ਸੇਖੋਂ** ਸਿੱਖ ਸੰਘਰਸ਼ ਦੀ ਇਕ ਅਹਿਮ ਹਸਤੀ ਹੋਏ ਹਨ। ਦੁਖਾਂਤ ਇਹ ਹੈ ਕਿ ਉਹਨਾਂ ਦੇ ਅਖ਼ੀਰਲੇ ਦਿਨ ਐਨੀ ਗੁੰਮਨਾਮੀ ਵਿਚ ਗੁਜਰੇ ਕਿ ਉਨ੍ਹਾਂ ਦਿਨਾਂ ਨੇ ਉਹਨਾਂ ਕੋਲ਼ੋਂ ਉਹ ਵਡਿਆਈ ਵੀ ਖੋਹ ਲਈ ਜੋ 1984 ਤੋਂ 1991 ਤਕ ਉਹਨਾਂ ਕਮਾਈ ਕੀਤੀ ਸੀ। ਪਰ ਜਿਨ੍ਹਾਂ ਨੇ ਡਾ. ਸੇਖੋਂ ਦੀ ਸਮੁੱਚੀ ਜ਼ਿੰਦਗੀ ਨੂੰ ਵੇਖਿਆ ਤੇ ਸਮਝਿਆ ਹੈ ਕਿ ਉਹ ਇਹੀ ਕਹਿਣਗੇ ਕਿ ਉਹ ਇਕ ਅਜਿਹੇ ਗੁਰਸਿੱਖ ਸਨ ਜਿਹਨਾਂ ਨੇ ਆਪਣਾ ਜੀਵਨ ਸਿਖੀ ਦੀ ਚੜ੍ਹਦੀ ਕਲਾ ਦੇ ਲੇਖੇ ਲਾਇਆ।

ਲੁਧਿਆਣਾ-ਧੂਰੀ ਸੜਕ ਉੱਤੇ ਜਾਂਦਿਆਂ ਇਕ ਮਸ਼ਹੂਰ ਕਸਬੇ ਆਂਉਦਾ ਹੈ ਮਲੇਰਕੋਟਲਾ ਜਿਥੋਂ ਦੇ ਨਵਾਬ ਨੇ ਛੋਟੇ ਸਾਹਿਬਜਾਦਿਆਂ ਲਈ ਸੂਬਾ ਸਰਹਿੰਦ ਦੀ ਕਚਹਿਰੀ ਵਿਚ "ਹਾਅ ਦਾ ਨਾਅਰਾ" ਮਾਰਿਆ ਸੀ। ਹਰ ਸਿੱਖ ਇਸ ਕਸਬੇ ਦੇ ਨਾਂ ਤੋਂ ਜ਼ਰੂਰ ਵਾਕਫ਼ ਹੈ। ਮਲੇਰਕੋਟਲੇ ਦੇ ਕੋਲ਼ ਹੀ ਪਿੰਡ ਦੁਲਮਾਂ ਵਿਚ ਡਾ. ਪ੍ਰੀਤਮ ਸਿੰਘ ਸੇਖੋਂ ਦਾ ਜਨਮ 1959 ਨੂੰ ਹੋਇਆ ਸੀ। ਚਾਰ ਧੀਆਂ ਮਗਰੋਂ ਜਨਮੇ ਇਸ ਪੁੱਤ ਦਾ,ਮਾਤਾ ਬੀਬੀ ਗੁਰਨਾਮ ਕੌਰ ਤੇ ਸਾਰੇ ਪਰਿਵਾਰ ਨੂੰ ਅੰਤਾਂ ਦਾ ਚਾਅ ਸੀ। ਉਹਨਾਂ ਦੇ ਪਿਤਾ ਸ. ਅਜਾਇਬ ਸਿੰਘ ਬੀ. ਐਂਡ ਆਰ. ਦੇ ਠੇਕੇਦਾਰ ਸਨ। ਸ. ਅਜਾਇਬ ਸਿੰਘ ਆਪਣੀਆਂ ਧੀਆਂ ਮਨਜੀਤ ਕੌਰ, ਕਰਮਜੀਤ ਕੌਰ, ਕਮਲਜੀਤ ਕੌਰ ਤੇ ਕੁਲਵੰਤ ਕੌਰ ਨੂੰ ਪੁੱਤਾਂ ਵਾਂਗ ਹੀ ਪਿਆਰ ਕਰਦੇ ਸੀ। ਇਸੇ ਕਰਕੇ ਉਹਨਾਂ ਨੇ ਆਪਣੀਆਂ ਚਾਰੇ ਧੀਆਂ ਨੂੰ ਪੁੱਤਾਂ ਵਾਂਗ ਪੜ੍ਹਾਇਆ-ਲਿਖਾਇਆ। ਉਹਨਾਂ ਦਿਨਾਂ ਵਿਚ ਕੁੜੀਆਂ ਨੂੰ ਕੋਈ ਵਿਰਲਾ ਹੀ ਪੜ੍ਹਾਉਂਦਾ-ਲਿਖਾਉਂਦਾ ਸੀ। ਸ. ਅਜਾਇਬ ਸਿੰਘ ਇਕ ਅਗਾਂਹਵਧੂ ਵਿਅਕਤੀ ਸਨ। ਉਹ ਜ਼ਮਾਨੇ ਦੀ ਹਵਾ ਪਛਾਣਦੇ ਸਨ। ਉਹਨਾਂ ਦਾ ਜੱਦੀ ਪਿੰਡ ਰਾੜਾ ਸਾਹਿਬ ਕੋਲ਼ ਕਿਲ੍ਹਾ ਹਾਂਸ ਸੀ। ਮਲੇਰਕੋਟਲੇ ਦੇ ਵਿੱਦਿਅਕ ਅਦਾਰਿਆਂ ਕਰਕੇ ਹੀ ਉਹਨਾਂ ਨੇ ਆਪਣੇ ਸਹੁਰੇ ਪਿੰਡ ਦੁਲਮਾਂ ਵਿਚ ਰਿਹਾਇਸ਼ ਕਰ ਲਈ ਸੀ ਕਿ ਬੱਚਿਆਂ ਨੂੰ ਉਚੇਰੀ ਵਿੱਦਿਆ ਦਿਵਾਈ ਜਾਵੇ।

ਬਚਪਨ ਵਿਚ ਡਾ. ਪ੍ਰੀਤਮ ਸਿੰਘ ਸੇਖੋਂ ਦਾ ਘਰ ਦਾ ਛੋਟਾ ਨਾਂ 'ਪੱਪੂ' ਸੀ। ਸਾਰੇ ਪਰਿਵਾਰ ਲਈ ਇਹ ਨਿੱਕਾ ਜਿਹਾ 'ਖਿਡੌਣਾ' ਬੜਾ ਪਿਆਰਾ ਸੀ। ਸ. ਅਜਾਇਬ ਸਿੰਘ ਤੇ ਮਾਤਾ ਗੁਰਨਾਮ ਕੌਰ ਦੀਆਂ ਚਾਰੇ ਧੀਆਂ ਦਾ ਇਹ ਲਾਡਲਾ ਵੀਰ ਹਰ ਇਕ ਤੋਂ ਮੱਲੋਮੱਲੀ ਪਿਆਰ ਲੈਂਦਾ। ਪਰ ਅਜੇ ਉਸ ਬਾਲਕ ਦੀ ਉਮਰ ਮਸਾਂ 4 ਸਾਲ ਸੀ ਕਿ ਉਸਦੇ ਪਿਤਾ ਸ. ਅਜਾਇਬ ਸਿੰਘ ਚੜ੍ਹਾਈ ਕਰ ਗਏ। ਇਸ ਮਗਰੋਂ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਮਾਤਾ ਗੁਰਨਾਮ ਕੌਰ ਸਿਰ ਆ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

ਮਲੇਰਕੋਟਲੇ ਦੇ 'ਜੈਨ ਮਾਡਲ ਸਕੂਲ' ਤੇ 'ਜੈਨ ਹਾਈ ਸਕੂਲ' ਵਿਚੋਂ ਪੜ੍ਹਾਈ ਕਰਨ ਮਗਰੋਂ ਪ੍ਰੀਤਮ ਸਿੰਘ ਨੂੰ ਗੌਰਮਿੰਟ ਕਾਲਜ ਮਲੇਰਕੋਟਲੇ ਪੜ੍ਹਨੇ ਪਾਇਆ ਗਿਆ। ਇੱਥੋਂ ਉਹਨਾਂ ਪ੍ਰੀ-ਮੈਡੀਕਲ ਦੀ ਪੜ੍ਹਾਈ ਕੀਤੀ। ਫਿਰ ਉਹ ਲੁਧਿਆਣੇ, ਖੇਤੀਬਾੜੀ ਯੂਨੀਵਰਸਿਟੀ ਵਿਚ ਵੈਟਰਨਰੀ ਦੀ ਪੜ੍ਹਾਈ ਕਰਨ ਲੱਗ ਪਏ। ਸਿੱਖ ਸੰਘਰਸ਼ ਦੇ ਨਾਮਵਰ ਜੁਝਾਰੂਆਂ ਨਾਲ਼ ਮੇਲ ਹੋਣ ਮਗਰੋਂ ਡਾ. ਸੇਖੋਂ ਪੂਰੀ ਤਰ੍ਹਾਂ ਸੰਘਰਸ਼ ਨੂੰ ਸਮਰਪਿਤ ਹੋ ਗਏ। ਹੋਸਟਲ ਦੇ ਕਮਰੇ ਵਿਚ ਕਦੇ ਕੋਈ ਜੁਝਾਰੂ ਆ ਜਾਂਦਾ, ਕਦੇ ਕੋਈ। ਇਸੇ ਸਮੇਂ ਦੌਰਾਨ ਉਹਨਾਂ ਦਾ ਮੇਲ ਭਾਈ ਦਲਜੀਤ ਸਿੰਘ ਬਿੱਟੂ, ਜਨਰਲ ਲਾਭ ਸਿੰਘ, ਭਾਈ ਪਰਮਜੀਤ ਸਿੰਘ ਪੰਜਵੜ ਤੇ ਹੋਰ ਜੁਝਾਰੂਆਂ ਨਾਲ਼ ਹੋਇਆ। ਪੜ੍ਹਾਈ ਪੂਰੀ ਹੋਣ ਮਗਰੋਂ ਉਹਨਾਂ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵੇਰਕਾ ਵਿਖੇ ਵੈਟਰਨਰੀ ਡਾਕਟਰ ਦੀ ਨੌਕਰੀ ਮਿਲ਼ ਗਈ। ਇੰਝ ਮਲੇਰਕੋਟਲੇ ਤੋਂ ਲੁਧਿਆਣੇ ਰਾਹੀਂ ਅੰਮ੍ਰਿਤਸਰ ਤਕ ਉਹਨਾਂ ਦਾ ਕਾਰਜ ਖ਼ੇਤਰ ਫ਼ੈਲ ਗਿਆ।

1987-88 ਵਿਚ ਕਿਸੇ ਤਰ੍ਹਾਂ ਪੁਲੀਸ ਨੂੰ ਡਾ. ਸੇਖੋਂ ਦੀਆਂ ਗੁਪਤ ਸਰਗਰਮੀਆਂ ਦੀ ਸੂਹ ਮਿਲ਼ੀ। ਡਾ. ਸੇਖੋਂ ਨੇ ਸਮਾਂ ਰਹਿੰਦਿਆਂ ਹੀ ਮੌਕਾ ਸੰਭਾਲ਼ ਲਿਆ ਤੇ ਸੰਘਰਸ਼ ਵਿਚ ਕੁੱਦ ਪਏ। ਡਾ. ਸਾਹਿਬ ਤਾ ਸੰਘਰਸ਼ ਵਿਚ ਸੇਵਾ ਕਰ ਰਹੇ ਸਨ ਪਰ ਪਿਛੇ ਪਰਿਵਾਰ ਨੂੰ ਪੁਲਿਸ ਨੇ ਨਿਸ਼ਾਨਾ ਬਣਾ ਲਿਆ।ਜਿਉਂ ਜਿਉਂ ਡਾ.ਸੇਖੋਂ ਦਾ ਕੱਦ ਖਾੜਕੂ ਲਹਿਰ ਵਿਚ ਉਚਾ ਹੁੰਦਾ ਗਿਆਂ ਪੁਲਿਸ ਦਾ ਜ਼ਬਰ ਵੀ ਵਧਦਾ ਗਿਆ। 1982 ਤੋਂ ਪੰਥ ਤੇ ਪੰਜਾਬ ਦੇ ਹੱਕਾਂ ਦੀ ਪ੍ਰਾਪਤੀ ਲਈ 'ਧਰਮ ਯੁੱਧ ਮੋਰਚਾ' ਸ਼ੁਰੂ ਹੋਇਆ ਸੀ ਜਿਸ ਵਿਚ ਸਿੱਖ ਕੌਮ ਦਾ ਬੱਚਾ-ਬੱਚਾ ਡਟਿਆ ਰਿਹਾ ਸੀ। ਖ਼ਾਲਸਾ ਪੰਥ ਆਈ ਉੱਤੇ ਆਇਆ ਹੋਇਆ ਸੀ ਕਿ 1947 ਤੋਂ ਹੋ ਰਹੀ ਧੱਕੇਸ਼ਾਹੀ ਬੰਦ ਕਰਵਾ ਕੇ ਰਹਿਣਾ ਹੈ। ਕੇਂਦਰੀ ਸਰਕਾਰਾਂ ਨੇ ਹਮੇਸ਼ਾਂ ਹੀ ਪੰਥ ਤੇ ਪੰਜਾਬ ਨੂੰ ਥੱਲੇ ਲਾਹੁਣ ਵਾਲ਼ੀ ਨੀਤੀ ਰੱਖੀ ਸੀ, ਜਿਸ ਕਰਕੇ ਸਿੱਖ ਜਗਤ ਨਿੱਤ ਹੁੰਦੀ ਖੱਜਲ-ਖ਼ੁਆਰੀ ਤੋਂ ਸਤਿਆ ਪਿਆ ਸੀ। ਅਕਾਲੀਆਂ ਲਈ ਤਾਂ ਇਸ ਧਰਮ-ਯੁੱਧ ਮੋਰਚੇ ਦਾ ਅਰਥ ਐਨਾ ਕੁ ਸੀ ਕਿ ਲੋਕ ਭਾਵਨਾਵਾਂ ਨੂੰ ਕਾਂਗਰਸ ਤੇ ਕੇਂਦਰ ਖ਼ਿਲਾਫ਼ ਭੜਕਾ ਕੇ ਵੋਟਾਂ ਬਟੋਰੀਆਂ ਜਾਣ ਤੇ ਅਗਲੀ ਸਰਕਾਰ ਬਣਾਈ ਜਾਵੇ। ਲਹਿਰ ਦਾ ਲੱਕ ਤੋੜਨ ਲਈ ਉਹਨਾਂ ਹਾਮੀ ਭਰੀ ਤੇ ਇੰਝ ਰਾਜੀਵ-ਲੌਂਗੋਵਾਲ਼ ਸੌਦਾ ਹੋਇਆ ਜਿਸ ਵਿਚ ਬਾਕੀ ਤਾਂ ਜਾਬਾਂ ਦਾ ਭੇੜ ਸੀ, ਮੁੱਖ ਗੁਪਤ ਮੱਦ ਐਨੀ ਕੁ ਸੀ ਕਿ ਲੌਂਗੋਵਾਲ਼ ਦੇ ਚੇਲੇ ਬਰਨਾਲੇ ਲਈ ਮੁੱਖ ਮੰਤਰੀ ਦੀ ਕੁਰਸੀ ਸਜ਼ਾ ਦਿੱਤੀ ਗਈ। ਇਸ ਸੌਦੇਬਾਜ਼ੀ ਨੂੰ ਨੇਪਰੇ ਚਾੜ੍ਹਨ ਵਾਲ਼ਿਆਂ ਵਿਚ ਬਲਵੰਤ ਸਿੰਘ ਲੱਡੂ ਸਭ ਤੋਂ ਮੋਹਰੀ ਸੀ। ਹੁਣ ਤਕ ਅਕਾਲੀ ਦੁਹਾਈ ਦੇ ਰਹੇ ਸਨ ਕਿ ਰਾਜੀਵ-ਲੌਂਗੋਵਾਲ਼ ਬੜਾ ਵਧੀਆ ਸਮਝੌਤਾ ਸੀ, ਜਦ ਕਿ ਅੱਜ ਤਕ ਇਸ ਸਮਝੌਤੇ ਦੀਆਂ ਸਿਰਫ਼ ਦੋ ਮੱਦਾਂ ਲਾਗੂ ਹੋਈਆਂ ਹਨ। ਪਹਿਲੀ ਪੰਜਾਬ ਦਾ ਪਾਣੀ ਲੁੱਟੇ ਜਾਣ ਤੇ ਮੋਹਰ ਲੱਗੀ ਤੇ ਦੂਜੀ ਬਰਨਾਲੇ ਨੂੰ ਮੁੱਖ ਮੰਤਰੀ ਦੀ ਕੁਰਸੀ ਮਿਲ਼ੀ। ਇਸ ਸੌਦੇਬਾਜ਼ੀ ਦੇ ਦੂਜੇ ਅਹਿਮ ਕਿਰਦਾਰ ਬਲਵੰਤ ਸਿੰਘ ਲੱਡੂ ਨੂੰ ਚੰਡੀਗੜ੍ਹ ਵਿਚ 10 ਜੁਲਾਈ 1990 ਨੂੰ ਡਾ. ਪ੍ਰੀਤਮ ਸਿੰਘ ਸੇਖੋਂ ਤੇ ਹੋਰ ਤਿੰਨ ਸਿੰਘਾਂ ਨੇ ਸਜ਼ਾ ਦਿੱਤੀ।

ਡਾ.ਸੇਖੋਂ ਦੀ ਭਾਈ ਦਲਜੀਤ ਸਿੰਘ ਤੇ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ਾ ਨਾਲ਼ ਬਹੁਤ ਨੇੜਤਾ ਸੀ। ਉਨਾਂ ਦੀ ਅਦੁਤੀ ਸਮਝ ਕਰਕੇ ਉਨਾਂ ਨੂੰ 'ਲਿਬਰੇਸ਼ਨ ਦਾ ਦਿਮਾਗ਼' ਵੀ ਕਿਹਾ ਜਾਂਦਾ ਸੀ।ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਵਿਚ ਪ੍ਰੋ. ਪ੍ਰੀਤਮ ਸਿੰਘ ਸੇਖੋਂ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਨਵਨੀਤ ਸਿੰਘ ਕਾਦੀਆਂ, ਦੇਵਪਾਲ ਸਿੰਘ ਮੋਹਾਲੀ, ਮਨਜਿੰਦਰ ਸਿੰਘ ਈਸੀ ਵਰਗੇ ਪੜ੍ਹੇ ਲਿਖੇ ਤੇ ਸੁਲਝੇ ਹੋਏ ਸਿੰਘਾਂ ਦਾ ਇਕ ਗਰੁੱਪ 'ਇੰਜੀਨੀਅਰ ਗਰੁੱਪ' ਵਜੋਂ ਵੀ ਜਾਣਿਆ ਜਾਂਦਾ ਸੀ।ਅਸਲ ਵਿਚ ਇਹ ਸਾਰੀ ਟੀਮ ਜਿੱਥੇ ਸੂਝ-ਬੂਝ ਤੇ ਯੋਜਨਾਬੰਦੀ ਵਿਚ ਮਾਹਿਰ ਸੀ, ਓਥੇ ਭਾਈ ਗੁਰਜੰਟ ਸਿੰਘ ਦਾ ਸਿੱਖੀ ਸਿਦਕ ਤੇ ਹਰ ਐਕਸ਼ਨ ਮੌਕੇ ਸਿਰੇ ਦੀ ਜਾਬਾਂਜ਼ੀ ਕਮਾਲ ਦੀ ਹੁੰਦੀ ਸੀ।ਹਕੂਮਤ ਹੈਰਾਨ ਸੀ ਇਹ ਐਡੇ ਪੜ੍ਹੇ ਲਿਖੇ ਨੌਜਵਾਨ ਭਾਈ ਗੁਰਜੰਟ ਸਿੰਘ ਬੁਧ ਸਿੰਘ ਵਾਲਾ ਦੀ ਕਮਾਂਡ ਹੇਠ ਸੇਵਾ ਕਰਨ ਨੂੰ ਕਿਉਂ ਤਰਜੀਹ ਦਿੰਦੇ ਹਨ।

ਡਾ. ਸੇਖੋਂ ਦਾ ਜਿਗਰੀ ਜੁਝਾਰੂ ਭਾਈ ਮਨਜਿੰਦਰ ਸਿੰਘ ਈਸੀ ਬਹੁਤੇ ਐਕਸ਼ਨਾਂ ਵਿਚ ਉਹਨਾਂ ਦੇ ਨਾਲ਼ ਹੀ ਰਿਹਾ ਹੈ। ਜਥੇਬੰਦੀ ਦੇ ਇਕ ਫ਼ੈਸਲੇ ਤਹਿਤ ਇਹ ਜੋੜੀ ਦਿੱਲੀ ਪਹੁੰਚੀ, ਜਿੱਥੇ ਉਹਨਾਂ ਨੂੰ ਮੁਹਾਲੀ ਦੇ ਨੌਜਵਾਨ ਜੁਝਾਰੂ ਭਾਈ ਦੇਵਪਾਲ ਸਿੰਘ ਤੇ ਡਾ. ਹਰੀ ਸਿੰਘ ਮਿਲ਼ੇ। ਮਨਜਿੰਦਰ ਸਿੰਘ ਈਸੀ ਦੀ ਇੱਛਾ ਸੀ ਕਿ ਜੇ ਭਾਈ ਹਰਜਿੰਦਰ ਸਿੰਘ ਜਿੰਦੇ ਤੇ ਭਾਈ ਸੁਖਦੇਵ ਸਿੰਘ ਸੁੱਖੇ ਨੂੰ ਛੁਡਾਉਣਾ ਹੀ ਹੈ ਤਾਂ ਆਪਾਂ ਕਿਸੇ ਹੋਰ ਨੂੰ ਹੱਥ ਪਾਈਏ। ਰੁਮਾਨੀਆ ਦਾ ਰਾਜਦੂਤ ਇੰਨਾ ਅਹਿਮ ਨਹੀਂ ਕਿ ਸਰਕਾਰ ਉਸ ਨੂੰ ਛੁਡਾਉਣ ਲਈ ਸਾਡੀ ਗੱਲ ਮੰਨ ਲਵੇ। ਮਨਜਿੰਦਰ ਸਿੰਘ ਈਸੀ, ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਪਹਿਲੀ ਕਤਾਰ ਦਾ ਖਾੜਕੂ ਰਿਹਾ ਹੈ, ਜਿਸ ਨੇ ਦਰਜਨਾਂ ਐਕਸ਼ਨ ਕੀਤੇ। ਭਾਵੇਂ ਉਸ ਦੀ ਦਲੀਲ ਵਿਚ ਵਜ਼ਨ ਸੀ, ਪਰ ਜਥੇਬੰਦੀ ਦੇ ਫ਼ੈਸਲੇ ਅਨੁਸਾਰ ਅਕਤੂਬਰ 1991 ਨੂੰ ਰੁਮਾਨੀਆ ਦੇ ਰਾਜਦੂਤ ਲਿਵਿਊ ਰਾਡੂ ਨੂੰ ਅਗਵਾ ਕਰ ਲਿਆ ਗਿਆ। ਰਾਡੂ ਨੂੰ ਪੰਜਾਬ ਲਿਆਂਦਾ ਗਿਆ ਤੇ ਸਰਕਾਰ ਕੋਲ਼ੋਂ ਉਸ ਦੇ ਬਦਲੇ ਵੈਦਿਆ ਕਾਂਡ ਦੇ ਹੀਰੋ ਭਾਈ ਜਿੰਦੇ-ਸੁੱਖੇ ਦੀ ਮੰਗ ਕੀਤੀ ਗਈ, ਪਰ ਸਰਕਾਰ ਨੇ ਬਹੁਤੀ ਪ੍ਰਵਾਹ ਨਾ ਕੀਤੀ।ਹਕੂਮਤ ਚਾਹੁੰਦੀ ਸੀ ਕਿ ਖਾੜਕੂ, ਰਾਡੂ ਦਾ ਨੁਕਸਾਨ ਕਰਨ ਤਾਂ ਜੋ ਅੰਤਰਰਾਸ਼ਟਰੀ ਪੱਧਰ ਉੱਤੇ ਖ਼ਾਲਿਸਤਾਨੀ ਲਹਿਰ ਨੂੰ ਬਦਨਾਮ ਕੀਤਾ ਜਾਵੇ। ਆਖ਼ਰ ਰਾਡੂ ਨੂੰ ਰਿਹਾਅ ਕਰਨਾ ਪਿਆ। ਜਿੰਨਾਂ ਚਿਰ ਸਿੰਘਾਂ ਨੇ ਰਾਡੂ ਨੂੰ ਛੱਡਿਆਂ ਨਹੀ,ਉਨਾਂ ਚਿਰ ਡਾ.ਸ਼ੇਖੋਂ ਦਾ ਸਾਰਾ ਪਰਿਵਾਰ ਤੇ ਹੋਰ ਰਿਸ਼ਤੇਦਾਰ ਪੁਲਿਸ ਹਿਰਾਸਤ ਵਿਚ ਰਹੇ। ਇਨਾਂ ਦਿਨਾਂ ਵਿਚ ਪਰਿਵਾਰ ਨੇ ਸ਼ਾਖਸ਼ਾਤ ਨਰਕ ਭੋਗਿਆ ਕਿਉਂਕਿ ਪੰਜਾਬ ਪੁਲਿਸ ਸਮਝਦੀ ਸੀ ਕਿ ਰਾਡੂ ਕਾਂਡ ਦੀ ਜ਼ਿੰਮੇਵਾਰੀ ਡਾ.ਸ਼ੇਖੋਂ ਸਿਰ ਹੀ ਹੈ। ਇਹ ਚਰਚਾ ਰਹੀ ਹੈ 1991 ਦੇ ਅਖ਼ੀਰਲੇ ਦਿਨਾਂ ਵਿਚ ਡਾ. ਪ੍ਰੀਤਮ ਸਿੰਘ ਸੇਖੋਂ ਆਪਣੀ ਧਰਮ ਪਤਨੀ ਸਮੇਤ ਅਮਰੀਕਾ ਚਲੇ ਗਏ ਸਨ। ਉਹਨਾਂ ਦਾ ਅਨੰਦ ਕਾਰਜ ਕਦੋਂ ਤੇ ਕਿਹੜੇ ਹਾਲਤਾਂ ਵਿਚ ਹੋਇਆ, ਇਸ ਬਾਰੇ ਉਹਨਾਂ ਦੇ ਸੰਘਰਸ਼ ਦੇ ਸਾਥੀ ਹੀ ਬਿਹਤਰ ਜਾਣਦੇ ਹਨ। ਪਰ ਇਹ ਹਕੀਕਤ ਹੈ ਕਿ ਚੰਡੀਗੜ੍ਹ ਦੀ ਇਕ ਬੀਬੀ ਨਾਲ਼ ਉਹਨਾਂ ਦਾ ਵਿਆਹ ਹੋਇਆ ਤੇ ਇਕ ਪੁੱਤਰ ਵੀ ਹੋਇਆ। 11 ਸਤੰਬਰ 1993 ਨੂੰ ਭਾਰਤੀ ਹਕੂਮਤ ਦੇ ਹੱਥਠੋਕੇ ਤੇ ਸਿੱਖ ਜੁਝਾਰੂਆਂ ਨੂੰ ਭੜਕਾਉਣ ਲਈ ਨੀਵੇਂ ਦਰਜੇ ਦੀ ਬਿਆਨਬਾਜ਼ੀ ਕਰਨ ਵਾਲ਼ੇ ਜ਼ਲੀਲ ਇਨਸਾਨ ਮਨਿੰਦਰਜੀਤ ਸਿੰਘ ਬਿੱਟੇ ਨੂੰ ਉਸ ਦੇ ਕਾਲ਼ੇ ਕਾਰਿਆਂ ਦੀ ਸਜ਼ਾ ਦੇਣ ਲਈ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨੇ ਦਿੱਲੀ ਵਿਚ ਇਕ ਬੰਬ ਧਮਾਕਾ ਕੀਤਾ। ਪਰ ਬਿੱਟਾ ਬਚ ਗਿਆ ਤੇ ਹੋਰ ਕਈ ਮਾਰੇ ਗਏ। ਇਸ ਧਮਾਕੇ ਦੀ ਯੋਜਨਾਬੰਦੀ ਡਾ. ਸੇਖੋਂ ਦੀ ਟੀਮ ਦੀ ਮੰਨੀ ਗਈ। ਇਸੇ ਕੇਸ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ ਹੈ। 1994 ਵਿਚ ਦਲ ਖ਼ਾਲਸਾ ਦੇ ਮੁਖੀ ਸ. ਗਜਿੰਦਰ ਸਿੰਘ ਹਾਈਜੈਕਿੰਗ ਕਰ ਕੇ ਹੋਈ ਉਮਰ ਕੈਦ ਕੱਟ ਕੇ ਲਾਹੌਰ ਜੇਲ੍ਹ ਵਿਚ ਬਾਹਰ ਆਏ ਤਾਂ ਡਾ. ਸੇਖੋਂ ਨੇ ਉਹਨਾਂ ਦਾ ਬੇਅੰਤ ਸਤਿਕਾਰ ਕੀਤਾ।ਸ. ਗਜਿੰਦਰ ਸਿੰਘ ਤੇ ਡਾ.ਸ਼ੇਖੋਂ ਦਾ ਆਪਸੀ ਪਿਆਰ ਬੇਮਿਸਾਲ ਰਿਹਾ। 1996-97 ਮੌਕੇ ਕਨਸੋਆਂ ਮਿਲ਼ਣ ਲੱਗੀਆਂ ਕਿ ਡਾ. ਪ੍ਰੀਤਮ ਸਿੰਘ ਸੇਖੋਂ ਨਹੀਂ ਰਹੇ। ਸਮਾਂ ਬੀਤਣ ਨਾਲ਼ ਉਹਨਾਂ ਦੇ ਨਾ ਰਹਿਣ ਬਾਰੇ ਤਾਂ ਗੱਲ ਪੁਖਤਾ ਹੁੰਦੀ ਗਈ ਪਰ ਇਹ ਭਾਣਾ ਕਿਵੇਂ ਤੇ ਕਿਹੜੇ ਹਾਲਾਤਾਂ ਵਿਚ ਵਾਪਰਿਆ, ਇਹ ਰਹੱਸ ਬਣਿਆ ਹੀ ਰਿਹਾ। ਪੰਥਕ ਸਫ਼ਾਂ ਅੰਦਰੋਂ ਇਹੋ ਪਤਾ ਲੱਗਿਆ ਕਿ ਸਿਆਲਕੋਟ ਏਰੀਏ ਵਿਚ ਆਪਣੇ ਟਿਕਾਣੇ ਤੇ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ। 15 ਮਾਰਚ 2009 ਨੂੰ ਚਰਚਾਵਾਂ ਨੂੰ ਠੱਲ੍ਹ ਪਾਉਂਦਿਆਂ ਡਾ. ਪ੍ਰੀਤਮ ਸਿੰਘ ਸੇਖੋਂ ਦੇ ਪਰਿਵਾਰ ਨੇ ਮਲੇਰਕੋਟਲੇ ਦੇ ਨਜ਼ਦੀਕ ਪਿੰਡ ਦੁਲਮਾਂ ਵਿਚ ਉਹਨਾਂ ਦੀ ਅੰਤਮ ਅਰਦਾਸ ਕੀਤੀ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਦਲ ਖ਼ਾਲਸਾ ਆਗੂ ਕੰਵਰਪਾਲ ਸਿੰਘ ਤੇ ਪ੍ਰੋ. ਸੇਖੋਂ ਦੇ ਸੰਗੀ ਸਾਥੀ ਰਹੇ ਭਾਈ ਦਲਜੀਤ ਸਿੰਘ ਬਿੱਟੂ ਸਮੇਤ ਅਨੇਕਾਂ ਪੰਥਕ ਹਸਤੀਆਂ ਨੇ ਹਾਜ਼ਰੀ ਭਰੀ। ਡਾ. ਸੇਖੋਂ ਨੇ ਆਪਣਾ ਜੀਵਨ ਸਿੱਖ ਸੰਘਰਸ਼ ਦੇ ਲੇਖੇ ਲਾਇਆ। ਇਕ ਦਿਨ ਸਮਾਂ ਆਵੇਗਾ ਜਦ ਡਾ. ਸੇਖੋਂ ਤੇ ਇਹੋ ਜਿਹੇ ਹੋਰ ਸਿੰਘ-ਸਿੰਘਣੀਆਂ ਦੇ ਸੋਹਿਲੇ ਸਾਰਾ ਸੰਸਾਰ ਗਾਇਆ ਕਰੇਗਾ।

**-ਸਰਬਜੀਤ ਸਿੰਘ ਘੁਮਾਣ**
**97819-91622**




ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਅਮਰ ਸ਼ਹੀਦ ਬੱਬਰ ਭਾਈ ਬਲਦੇਵ ਸਿੰਘ ਹਵਾਰਾ ਦੀ ਬੇਟੀ ਬੀਬਾ ਨਰਿੰਦਰ ਕੌਰ ਦੇ ਸ਼ੁੱਭ ਅਨੰਦ ਕਾਰਜ ਕਾਕਾ ਕੁਲਵੀਰ ਸਿੰਘ ਵਾਸੀ ਘੁੰਗਰਾਲੀ ਸਿੱਖਾਂ ਨਾਲ ਕਲ੍ਹ ਸੰਪੰਨ ਹੋਏ










ਅਮਰ ਸ਼ਹੀਦ ਬੱਬਰ ਭਾਈ ਬਲਦੇਵ ਸਿੰਘ ਹਵਾਰਾ ਦੀ ਬੇਟੀ ਬੀਬਾ ਨਰਿੰਦਰ ਕੌਰ ਦੇ ਸ਼ੁੱਭ ਅਨੰਦ ਕਾਰਜ ਕਾਕਾ ਕੁਲਵੀਰ ਸਿੰਘ ਵਾਸੀ ਘੁੰਗਰਾਲੀ ਸਿੱਖਾਂ ਨਾਲ ਕਲ੍ਹ 24 ਮਾਰਚ ਨੂੰ ਖਮਾਣੋਂ ਦੇ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਏ ਅਨੰਦ ਕਾਰਜ ਦੀਆਂ ਰਸਮਾਂ ਮੌਕੇ ਪੰਥਕ ਵਿਦਵਾਨ ਭਾਈ ਬਡਾਲਾ ਨੇ ਲਾਵਾਂ ਪੜ੍ਹੀਆਂ ਅਤੇ ਰਸਭਿੰਨਾ ਕੀਰਤਨ ਕੀਤਾ।



ਸ਼ਹੀਦ ਭਾਈ ਬਲਦੇਵ ਸਿੰਘ ਹਵਾਰਾ ਸੰਨ1994 ਵਿੱਚ ਹਰਿਆਣਾ ਵਿਖੇ ਘੇਰਾ ਪੈ ਜਾਣ ਪਿੱਛੋਂ ਜ਼ਿਹਰੀਲਾ ਕੈਪਸੂਲ ਨਿਗਲ ਕੇ ਸ਼ਹੀਦੀ ਪਾ ਗਏ ਸੀ।ਉਹ ਰੋਪੜ ਜਿਲੇ ਤੋਂ ਬੱਬਰ ਖਾਲਸਾ ਦੇ ਜਥੇਦਾਰ ਸਨ।ਦਿੱਲੀ ਦੀ ਭਜਨ ਪੁਰਾ ਜੇਲ ਵਿੱਚ ਨਜ਼ਰਬੰਦ ਸਿੰਘ ਸਾਹਿਬ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਸ਼ਹੀਦ ਭਾਈ ਬਲਦੇਵ ਸਿੰਘ ਹਵਾਰਾ ਅਤੇ ਸ਼ਹੀਦ ਭਾਈ ਹਰਮੀਤ ਸਿੰਘ ਭਾਓਵਾਲ ਨੇ ਉਂਗਲੀ ਫੜ੍ਹ ਕੇ ਸਿੱਖ ਸੰਘਰਸ਼ ਦੀਆਂ ਪਾਉੜੀਆਂ ਚਾੜਿਆ ਸੀ।

ਦੋਵੇਂ ਬੱਚਿਆਂ ਦੇ ਸੁਭਾਗੇ ਜੋੜੇ ਨੂੰ ਅਸ਼ੀਰਵਾਦ ਦੇਣ ਲਈ ਦਾਸ ਬਡਗੁਜਰਾਂ ਦੇ ਨਾਲ ਖੜ੍ਹੇ ਹਨ ਯੂ ਐਸ ਏ ਤੋਂ ਵਿਸ਼ਵ ਪ੍ਰਸਿੱਧ ਪੰਥਕ ਸ਼ਖਸ਼ੀਅਤ ਭਾਈ ਦਰਸ਼ਨ ਸਿੰਘ ਜੀ ਸੰਧੂ।

ਦਾਸ ਬਡਗੁਜਰਾਂ, ਸਰਬਜੀਤ ਸਿੰਘ ਸਿੱਧੂ ਪੁਰ ਕਲਾਂ, ਬਾਪੂ ਗੁਰਚਰਨ ਸਿੰਘ ਜੀ, ਭਾਈ ਬਡਾਲਾ ਅਤੇ ਭਾਈ ਦਰਸ਼ਨ ਸਿੰਘ ਸੰਧੂ ਅਤੇ ਹੋਰ ਪੰਥਕ ਸ਼ਖਸ਼ੀਅਤਾਂ।

ਦਾਸ ਦੇ ਸੱਜੇ ਭਾਈ ਦਰਸ਼ਨ ਸਿੰਘ ਸੰਧੂ ਅਤੇ ਬਾਪੂ ਗੁਰਚਰਨ ਸਿੰਘ ਜੀ ।

ਗੁਰੂ ਚਰਨਾਂ ਵਿੱਚ ਬੱਚੇ ਲਾਵਾਂ ਲੈ ਰਹੇ ਹਨ ਅਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਚਰਨਾਂ ਵਿੱਚ ਬਿਰਾਜਮਾਨ ਸਿੱਖ ਸੰਗਤਾਂ ਅਤੇ ਕੀਰਤਨ ਕਰ ਰਿਹਾ ਜਥਾ ਬਡਾਲਾ।

**ਨੋਟ - ਪੰਥਕ ਸ਼ਖ਼ਸੀਅਤ ਬਾਈ ਦਰਸ਼ਨ ਸਿੰਘ ਸੰਧੂ ਯੂਐਸਏ ਨੇ ਇਸ ਕਾਰਜ ਨੂੰ ਸਫਲ ਬਣਾਉਣ ਲਈ ਅਮਰ ਸ਼ਹੀਦ ਭਾਈ ਬਲਦੇਵ ਸਿੰਘ ਹਵਾਰਾ ਦੇ ਬੇਟੇ ਕਾਕਾ ਅਮਨਦੀਪ ਸਿੰਘ ਹਵਾਰਾ ਨੂੰ ਤਨ ਮਨ ਧਨ ਨਾਲ ਸਹਿਯੋਗ ਦਿੱਤਾ। ਧੰਨਵਾਦ ਬਾਈ ਸੰਧੂ ਜੀ ਦਾ।**

**ਦਾਸ : ਅਮਰਜੀਤ ਸਿੰਘ ਬਡਗੁਜਰਾਂ**

ਆਵਾਜ਼ਿ ਕੌਮ
AWAZE QAUM
International Newspaper & WEB TV

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸੁਪਰੀਮੋ ਭਾਈ ਸਿਮਰਨਜੀਤ ਸਿੰਘ ਮਾਨ ਵੱਲੋਂ ਚੇਤਾਵਨੀ

ੴ ਸਤਿਗੁਰ ਪ੍ਰਸਾਦਿ ॥

ਸ਼੍ਰੋਮਣੀ ਅਕਾਲੀ ਦਲ

SHIROMANI AKALI DAL

PRESIDENT : S. SIMRANJIT SINGH MANN

ਮੁੱਖ ਦਫਤਰ
ਕਿਲ੍ਹਾ ਸ: ਹਰਨਾਮ ਸਿੰਘ
ਜਿਲ੍ਹਾ ਫਤਹਿਗੜ੍ਹ ਸਾਹਿਬ
ਪਿੰਨ ਕੋਡ-140406
ਪੰਜਾਬ (ਇੰਡੀਆ)
ਟੈਲੀਫੈਕਸ : 0091-1763-233764

HEAD OFFICE
QUILLA S.HARNAM SINGH
DISTT. FATEHGARH SAHIB
PIN CODE 140406
PANJAB (INDIA)
TELEFAX : 0091-1763-233764

8926/ਸਅਦਅ/2024 — 25 ਮਾਰਚ 2024

ਸਤਿਕਾਰਯੋਗ ਸ. ਗੁਰਦਿਆਲ ਸਿੰਘ ਅਟਵਾਲ ਅਤੇ ਸ. ਸਤਿੰਦਰਪਾਲ ਸਿੰਘ ਮੰਗੂਵਾਲ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫਤਹਿ॥

ਆਪ ਜੈਸੇ ਨੇਕ ਇਮਾਨਦਾਰ ਇਨਸਾਫ ਪਸੰਦ ਸਖਸ਼ੀਅਤਾਂ, ਗੁਰੂ ਸਾਹਿਬਾਨ ਜੀ ਦੀਆਂ ਅਪਾਰ ਕ੍ਰਿਪਾ ਅਤੇ ਬਖ਼ਸਿਸ਼ਾਂ ਸਦਕਾ ਅਸੀਂ ਇਸ ਸਥਾਨ ਪਰ ਪੂਰਨ ਚੜ੍ਹਦੀ ਕਲਾ ਵਿਚ ਹਾਂ । ਆਪ ਜੀ ਦੀ ਅਤੇ ਸਮੁੱਚੇ ਪਰਿਵਾਰ ਦੇ ਮੈਬਰਾਂ ਦੀ ਅਤੇ ਆਪ ਜੀ ਦੇ ਉਚੇ-ਸੁੱਚੇ ਖਿਆਲਤਾ ਦੀ ਚੜ੍ਹਦੀ ਕਲਾ ਲਈ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਤਹਿ ਦਿਲੋਂ ਅਰਦਾਸ ਕਰਦੇ ਹਾਂ ।

ਸਾਨੂੰ ਇਹ ਜਾਣਕੇ ਡੂੰਘਾਂ ਦੁੱਖ ਪਹੁੰਚਿਆ ਹੈ ਕਿ ਬਰਤਾਨੀਆ ਵਿਚ ਓਇਸਿਸ ਕਮਿਊਨਟੀ ਲਰਨਿੰਗ ਅਕੈਡਮੀ ਵੱਲੋਂ ਆਪਣੇ ਸਕੂਲਾਂ ਵਿਚ ਯੂਕੇ ਸਿੱਖ ਯੂਥ ਜਥੇਬੰਦੀ ਦੇ ਆਗੂ ਭਾਈ ਦੀਪਾ ਸਿੰਘ ਦੀ ਫੋਟੋ ਤਾਲਿਬਾਨਾਂ ਅਤੇ ਕੂ ਕਲੈਕਸ ਕਲੇਨ ਦੇ ਮੈਬਰਾਂ ਨਾਲ ਲਗਾਕੇ ਸਿੱਖ ਕੌਮ ਦੇ ਉਚੇ-ਸੁੱਚੇ ਇਖਲਾਕ ਨੂੰ ਦਾਗੀ ਕਰਨ ਦੀ ਬਜਰ ਗੁਸਤਾਖੀ ਕੀਤੀ ਗਈ ਹੈ । ਜਦੋਕਿ ਸਾਡੀ ਸਿੱਖ ਕੌਮ ਵੱਲੋ ਕਦੀ ਵੀ ਕਿਸੇ ਤਰ੍ਹਾਂ ਦਾ ਕਤਲੇਆਮ, ਅਣਮਨੁੱਖੀ ਘਟਨਾਵਾ ਜਾਂ ਅਪਮਾਨਜਨਕ ਕਾਰਵਾਈਆ ਨਾਲ ਕਦੇ ਵੀ ਕੋਈ ਵਾਸਤਾ ਨਹੀ ਰਿਹਾ । ਬਲਕਿ ਅਸੀ ਹਮੇਸ਼ਾਂ ਸਰਬੱਤ ਦੇ ਭਲੇ ਦੇ ਮਿਸਨ ਨੂੰ ਮੁੱਖ ਰੱਖਕੇ ਸਮੁੱਚੇ ਸੰਸਾਰ ਵਿਚ ਵਿਚਰਦੇ ਆ ਰਹੇ ਹਾਂ । ਇਹੀ ਵਜਹ ਹੈ ਕਿ ਅੱਜ ਸਾਡਾ ਸਮੁੱਚੇ ਸੰਸਾਰ ਵਿਚ ਵੱਡਾ ਸਤਿਕਾਰ ਮਾਣ ਕਾਇਮ ਹੈ । ਪਰ ਉਪਰੋਕਤ ਅਕੈਡਮੀ ਨੇ ਜੇਕਰ ਅਜਿਹਾ ਕੀਤਾ ਹੈ, ਤਾਂ ਇਸ ਗੱਲ ਤੋ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਇਸ ਪਿੱਛੇ ਕੋਈ ਵੱਡੀ ਤਾਕਤ ਜਾਂ ਸਾਜਿਸ ਹੋਵੇ । ਬੇਸੱਕ ਉਪਰੋਕਤ ਅਕੈਡਮੀ ਜਿਸਦੇ ਬਰਤਾਨੀਆ ਵਿਚ 53 ਵੱਡੇ ਸਕੂਲ ਹਨ, ਉਸਦੇ ਸੀ.ਈ.ਓ. ਮਿਸਟਰ ਜੌਹਨ ਬਰਨੀ ਨੇ ਲਿਖਤੀ ਤੌਰ ਤੇ ਸਿੱਖ ਕੌਸਲ ਯੂਕੇ ਨੂੰ ਪੱਤਰ ਲਿਖਕੇ ਮੁਆਫ਼ੀ ਮੰਗ ਲਈ ਹੈ । ਪਰ ਇਹ ਗੁਸਤਾਖੀ ਮੁਆਫ ਕਰਨ ਯੋਗ ਨਹੀ ਹੈ । ਕਿਉਂਕਿ ਇਸ ਕਾਰਵਾਈ ਨੇ ਸੰਸਾਰ ਵਿਚ ਵਿਚਰਦੇ ਸਮੁੱਚੇ ਸਿੱਖ ਕੌਮ ਦੇ ਮਨ ਆਤਮਾ ਨੂੰ ਡੂੰਘੀ ਠੇਸ ਪਹੁੰਚਾਈ ਹੈ ।

ਇਸ ਲਈ ਆਪ ਜੀ ਦੋਵਾਂ ਆਗੂਆਂ ਨੂੰ ਚਾਹੀਦਾ ਹੈ ਕਿ ਯੂਕੇ ਵਿਚ ਕੰਮ ਕਰਨ ਵਾਲੀਆ ਹੋਰ ਸਿੱਖੀ ਸੰਸਥਾਵਾਂ ਨੂੰ ਵਿਸਵਾਸ ਵਿਚ ਲੈਦੇ ਹੋਏ ਜੇਕਰ ਸਮੂਹਿਕ ਤੌਰ ਤੇ ਯੂਕੇ ਦੇ ਸਮੁੱਚੇ ਸਿੱਖਾਂ ਵੱਲੋ ਉਪਰੋਕਤ ਓਇਸਿਸ ਕਮਿਊਨਟੀ ਲਰਨਿੰਗ ਅਕੈਡਮੀ ਜਿਸਨੇ ਇਹ ਗੁਸਤਾਖੀ ਕੀਤੀ ਹੈ ਉਸ ਵਿਰੁੱਧ ਬਰਤਾਨੀਆ ਦੇ ਕਾਨੂੰਨ ਅਨੁਸਾਰ ਅਮਲ ਕਰਕੇ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਰਕੇ ਸਜਾਵਾਂ ਦਿਵਾਉਣ ਦੀ ਜਿੰਮੇਵਾਰੀ ਨਿਭਾਈ ਜਾਵੇ ਤਾਂ ਕਿ ਸੰਸਾਰ ਵਿਚ ਹੋਰ ਕਿਸੇ ਵੀ ਸਥਾਂਨ ਤੇ ਕੋਈ ਸੰਸਥਾਂ ਜਾਂ ਸਿੱਖ ਵਿਰੋਧੀ ਤਾਕਤ ਇਸ ਤਰ੍ਹਾਂ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਕਦੀ ਵੀ ਗੁਸਤਾਖੀ ਨਾ ਕਰ ਸਕੇ । ਆਪ ਜੀ ਇਸ ਗੱਲ ਤੋ ਭਲੀਭਾਤ ਜਾਣੂ ਹੀ ਹੋ ਕਿ ਸਾਡਾ ਕਿਸੇ ਵੀ ਕੌਮ, ਧਰਮ, ਕਬੀਲੇ, ਵਰਗ ਆਦਿ ਨਾਲ ਨਾ ਤਾਂ ਕੋਈ ਵੈਰ ਵਿਰੋਧ ਹੈ ਅਤੇ ਨਾ ਹੀ ਅਸੀ ਕਿਸੇ ਹੋਰ ਧਰਮ ਵਿਚ ਕਦੀ ਦਖਲ ਦਿੰਦੇ ਹਾਂ । ਇਸਦੇ ਨਾਲ ਹੀ ਨਾ ਹੀ ਅਸੀ ਆਪਣੇ ਧਰਮ ਵਿਚ ਕਿਸੇ ਦਖਲ ਨੂੰ ਬਰਦਾਸਤ ਕਰਦੇ ਹਾਂ । ਇਸ ਲਈ ਇਸ ਵਿਸੇ ਉਤੇ ਆਪਣੇ ਪ੍ਰਚਾਰ ਸਾਧਨਾਂ ਰਾਹੀ ਸਿੱਖ ਕੌਮ ਦੀ ਸਰਬੱਤ ਦੇ ਭਲੇ ਵਾਲੀ ਵਿਚਾਰਧਾਰਾਂ ਨੂੰ ਪ੍ਰਚਾਰਦੇ ਹੋਏ ਜਿਥੇ ਉਪਰੋਕਤ ਸੰਸਥਾਂ ਵੱਲੋ ਸਿੱਖ ਕੌਮ ਪ੍ਰਤੀ ਗਲਤਫਹਿਮੀ ਪੈਦਾ ਕਰਨ ਦੀ ਕੋਸਿਸ ਕੀਤੀ ਗਈ ਹੈ ਉਸਨੂੰ ਬਾਦਲੀਲ ਢੰਗ ਨਾਲ ਬਰਤਾਨੀਆ ਤੇ ਹੋਰਨਾਂ ਮੁਲਕਾਂ ਵਿਚ ਦੂਰ ਕੀਤਾ ਜਾਵੇ ਅਤੇ ਇਹ ਵੀ ਪ੍ਰਚਾਰਿਆ ਜਾਵੇ ਕਿ ਸਾਡਾ ਤਾਲਿਬਾਨ ਜਾਂ ਕੂ ਕਲੈਕਸ ਕਲੇਨ ਵਰਗੀਆਂ ਮਨੁੱਖਤਾ ਵਿਰੋਧੀ ਸੰਗਠਨਾਂ ਜਾਂ ਸੰਸਥਾਵਾਂ ਨਾਲ ਨਾ ਕਦੀ ਸੰਬੰਧ ਰਿਹਾ ਹੈ ਅਤੇ ਨਾ ਹੀ ਰਹੇਗਾ । ਅਸੀ ਮਨੁੱਖੀ ਕਦਰਾਂ ਕੀਮਤਾਂ ਦੇ ਨਾਲ-ਨਾਲ ਅਮਨ ਚੈਨ ਤੇ ਜਮਹੂਰੀਅਤ ਦੇ ਹਾਮੀ ਹਾਂ ਅਤੇ ਸਭ ਧਰਮਾਂ, ਕੌਮਾਂ ਨੂੰ ਪਿਆਰ ਤੇ ਸਤਿਕਾਰ ਕਰਨ ਵਾਲੀ ਇਕ ਵੱਖਰੀ ਸਿੱਖ ਕੌਮ ਹੈ । ਜੋ ਆਪਣੇ ਨਿਆਰੇਪਣ ਨੂੰ ਕਾਇਮ ਰੱਖਦੀ ਹੋਈ ਵੀ ਸਮੁੱਚੀ ਮਨੁੱਖਤਾ ਨੂੰ ਪਿਆਰ ਵੀ ਕਰਦੀ ਹੈ । ਹਰ ਤਰ੍ਹਾਂ ਦੇ ਜ਼ਬਰ ਜੁਲਮ, ਬੇਇਨਸਾਫ਼ੀ

ਵਿਰੁੱਧ ਆਵਾਜ ਵੀ ਉਠਾਉਦੀ ਆ ਰਹੀ ਹੈ । ਅਜਿਹਾ ਅਮਲ ਕਰਕੇ ਅਸੀ ਦੁਸਮਣ ਤਾਕਤਾਂ ਜਾਂ ਸਾਜਿਸਕਾਰਾਂ ਦੇ ਮਨਸੂਬਿਆ ਨੂੰ ਇਥੇ ਅਸਫਲ ਬਣਾਉਣ ਦੀ ਜਿੰਮੇਵਾਰੀ ਪੂਰਨ ਕਰ ਰਹੇ ਹੋਵਾਂਗੇ, ਉਥੇ ਆਪਣੀ ਸਿੱਖ ਕੌਮ ਬਾਰੇ ਸਹੀ ਜਾਣਕਾਰੀ ਦੇਣ ਦੇ ਫਰਜ ਵੀ ਅਦਾ ਕਰ ਰਹੇ ਹੋਵਾਂਗੇ । ਪੂਰਨ ਉਮੀਦ ਕਰਦੇ ਹਾਂ ਕਿ ਆਪ ਜੀ ਇਸ ਵਿਸੇ ਉਤੇ ਅਗਲੇਰੀ ਕਾਨੂੰਨੀ ਕਾਰਵਾਈ ਕਰਦੇ ਹੋਏ ਉਪਰੋਕਤ ਵਿਦਿਅਕ ਸੰਸਥਾਂ ਵੱਲੋ ਕੀਤੀ ਗੁਸਤਾਖੀ ਲਈ ਕਾਨੂੰਨੀ ਸਜਾਵਾਂ ਦਾ ਪ੍ਰਬੰਧ ਕਰਕੇ ਸਮੁੱਚੇ ਸੰਸਾਰ ਨਿਵਾਸੀਆ ਨੂੰ ਆਪਣੀ ਕੌਮ ਪ੍ਰਤੀ ਇਹ ਸੰਦੇਸ ਦੇਣ ਦੇ ਫਰਜ ਅਦਾ ਕਰੋਗੇ ਕਿ 'ਨਾ ਕੋ ਵੈਰੀ, ਨਾਹੀ ਬੇਗਾਨਾ ਸਗਲਿ ਸੰਗ ਹਮਕੋ ਬਨਿ ਆਈ' ਦੀ ਸੋਚ ਨੂੰ ਵੀ ਮਜਬੂਤ ਕਰੋਗੇ ਅਤੇ ਸਾਡੇ ਪ੍ਰਤੀ ਗਲਤ ਫਹਿਮੀ ਪੈਦਾ ਕਰਨ ਵਾਲੀਆ ਤਾਕਤਾਂ ਨੂੰ ਵੀ ਸਹੀ ਸੰਦੇਸ ਜਾਵੇਗਾ ਕਿ ਅਸੀ ਅਜਿਹੀ ਗੱਲ ਕਤਈ ਬਰਦਾਸਤ ਨਹੀ ਕਰਦੇ । ਧੰਨਵਾਦੀ ਹੋਵਾਂਗੇ ।

ਪੂਰਨ ਸਤਿਕਾਰ ਤੇ ਉਮੀਦ ਸਹਿਤ,

ਗੁਰੂਘਰ ਤੇ ਪੰਥ ਦਾ ਦਾਸ,

ਸਿਮਰਨਜੀਤ ਸਿੰਘ ਮਾਨ,
ਮੈਬਰ ਪਾਰਲੀਮੈਂਟ,
ਪ੍ਰਧਾਨ,
ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸ. ਗੁਰਦਿਆਲ ਸਿੰਘ ਅਟਵਾਲ,
ਚੇਅਰਮੈਨ,
ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ),
ਯੂਕੇ ਯੂਨਿਟ।

ਸ. ਸਤਿੰਦਰਪਾਲ ਸਿੰਘ ਮੰਗੂਵਾਲ,
ਜਰਨਲ ਸਕੱਤਰ,
ਯੂਥ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਯੂਕੇ ।

ਆਵਾਜ਼ਿ ਕੌਮ AWAZE QAUM International Newspaper & WEB TV

## ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਖੇ

# ਚਾਰ ਰੋਜ਼ਾ ਗੁਰਮਤਿ ਸਿਖਲਾਈ ਕੈਂਪ ਦਾ ਸਫ਼ਲ ਆਯੋਜਨ

### ਵਿਦਿਆਰਥਣਾਂ ਨੂੰ ਨੈਤਿਕ ਕਦਰਾਂ ਕੀਮਤਾਂ ਅਤੇ ਸੁਚੱਜੀ ਜੀਵਨ ਜਾਚ ਪ੍ਰਤੀ ਕੀਤਾ ਗਿਆ ਜਾਗਰੂਕ









**ਤਲਵੰਡੀ ਸਾਬੋ, 26 ਮਾਰਚ (ਗੁਰਜੰਟ ਸਿੰਘ ਨਥੇਹਾ)**-ਮਾਤਾ ਸਾਹਿਬ ਕੌਰ ਗਰਲਜ ਕਾਲਜ ਤਲਵੰਡੀ ਸਾਬੋ ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਸਦਕਾ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਦੀ ਯੋਗ ਅਗਵਾਈ ਵਿੱਚ ਚਾਰ ਦਿਨਾਂ ਗੁਰਮਤਿ ਸਿਖਲਾਈ ਕੈਂਪ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਵੱਖ-ਵੱਖ ਕਲਾਸਾਂ ਦੇ 250 ਤੋਂ ਵਿਦਿਆਰਥਣਾਂ ਭਾਗ ਲੈਣ ਲਈ ਪਹੁੰਚੀਆਂ। ਕੈਂਪ ਦੇ ਉਦਘਾਟਨੀ ਸਮਾਗਮ ਦੌਰਾਨ ਡਾ. ਕਮਲਪ੍ਰੀਤ ਕੌਰ ਪ੍ਰਿੰਸੀਪਲ, ਬੀਬੀ ਮਨਜੀਤ ਕੌਰ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ, ਡਾ. ਅਵੀਨਿੰਦਰਪਾਲ ਸਿੰਘ, ਡਾਇਰੈਕਟਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਤਖ਼ਤ ਸ੍ਰੀ ਦਮਦਮਾ ਸਾਹਿਬ, ਇੰਸਪੈਕਟਰ ਸ਼ਮਸ਼ੇਰ ਸਿੰਘ, ਪ੍ਰੋ. ਗੁਰਜੀਤ ਸਿੰਘ ਮੁਖੀ ਭਾਈ ਮਰਦਾਨਾ ਚੇਅਰ ਗੁਰੂ ਕਾਸ਼ੀ ਯੂਨੀਵਰਸਿਟੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਕੈਂਪ ਦੇ ਪਹਿਲੇ ਸੈਸ਼ਨ ਵਿਚ ਮੁੱਖ ਬੁਲਾਰੇ ਵਜੋਂ ਪਹੁੰਚੇ ਬੀਬੀ ਮਨਜੀਤ ਕੌਰ, ਪ੍ਰਿੰਸੀਪਲ ਨੇ ਸਮੂਹ ਕੈਂਪਰਜ਼ ਵਿਦਿਆਰਥਣਾਂ ਨੂੰ ਸਚਿਆਰ ਮਾਰਗ ਦੇ ਪਾਧੀਂ ਵਿਸ਼ੇ ਤੇ ਵੱਖ-ਵੱਖ ਉਦਾਹਰਣਾ ਦੇ ਕੇ ਜਿੰਦਗੀ ਵਿਚ ਚੰਗੇ-ਮਾੜੇ ਦੀ ਪਰਖ ਕਰਨ ਅਤੇ ਉੱਚਾ ਸੁੱਚਾ ਕਿਰਦਾਰ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਦੁਨਿਆਵੀ ਸਿੱਖਿਆ ਦੇ ਨਾਲ-ਨਾਲ ਧਾਰਮਿਕ ਸਿੱਖਿਆ ਨੂੰ ਵੀ ਜਿੰਦਗੀ ਦਾ ਮਹੱਤਵਪੂਰਨ ਅੰਗ ਦੱਸਿਆ। ਦੂਸਰੇ ਸੈਸ਼ਨ ਵਿੱਚ ਡਾ. ਗੁਰਜਿੰਦਰ ਸਿੰਘ ਰੁਮਾਣਾ ਨੇ ਕੈਂਪ ਮਨੋਰਥ ਅਤੇ ਸ. ਨਵਨੀਤ ਸਿੰਘ ਕੋਟਕਪੂਰਾ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਜੀਵਨ ਦੇ ਗੁੱਝੇ ਭੇਤਾਂ ਦੀ ਵਿਆਖਿਆ ਕੀਤੀ। ਅਗਲੇ ਦਿਨ ਦੇ ਸੈਸ਼ਨ ਵਿਚ ਰਮਨਦੀਪ ਸਿੰਘ ਰਵਾਲ ਨੇ ਆਤਮ ਚੀਨਣ ਅਤੇ ਲੁਧਿਆਣਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਤਨਾਮ ਸਿੰਘ ਸਲੋਪੁਰੀ ਨੇ ਇਤਿਹਾਸ ਵਿਚ ਸਿੱਖ ਬੀਬੀਆਂ ਦਾ ਯੋਗਦਾਨ ਵਿਸ਼ੇ ਤੇ ਗੱਲਬਾਤ ਕੀਤੀ ਅਤੇ ਵਿਦਿਆਰਥਣਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਸ਼ਾਮ ਦੇ ਸੈਸ਼ਨ ਵਿਚ ਸ. ਗੁਰਚਰਨ ਸਿੰਘ ਜੈਤੋ ਨੇ ਚੜਦੀ ਕਲਾ ਵਿਸ਼ੇ ਰਾਹੀਂ ਹਮੇਸ਼ਾ ਚੜ੍ਹਦੀ ਕਲਾ ਅਤੇ ਉਤਸ਼ਾਹ ਭਰਪੂਰ ਜੀਵਨ ਜਿਉਣ ਦੀ ਕਲਾ ਸਮਝਾਈ। ਕੈਂਪ ਦੇ ਸਮਾਪਤੀ ਸਮਾਗਮ ਮੌਕੇ ਬਾਬਾ ਬੂਟਾ ਸਿੰਘ ਮੈਂਬਰ ਸ਼੍ਰੋ.ਗੁ.ਪ੍ਰ.ਕਮੇਟੀ ਮੁੱਖ ਮਹਿਮਾਨ ਵਜੋਂ ਪਹੁੰਚੇ। ਸੈਸ਼ਨ ਦੌਰਾਨ ਡਾ.ਅਵੀਨਿੰਦਰਪਾਲ ਸਿੰਘ ਕੋਟਕਪੂਰਾ ਅਤੇ ਨਰਿੰਦਰਪਾਲ ਸਿੰਘ ਸ੍ਰੀ ਮੁਕਤਸਰ ਸਾਹਿਬ ਨੇ ਜੀਵਨ ਜੁਗਤਾਂ ਵਿਸ਼ੇ 'ਤੇ ਗੱਲਬਾਤ ਕਰਦਿਆਂ ਸਫ਼ਲ ਜਿੰਦਗੀ ਦੇ ਮਹੱਤਵਪੂਰਨ ਨੁਕਤੇ ਸਮਝਾਏ। ਪ੍ਰਿੰਸੀਪਲ ਡਾ. ਕਮਲਪ੍ਰੀਤ ਕੌਰ ਨੇ ਆਏ ਹੋਏ ਸਮੂਹ ਬੁਲਾਰਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸੰਸਥਾਂ ਵੱਲੋਂ ਸਿਮਰਤੀ ਚਿੰਨ ਭੇਟ ਕੀਤੇ ਗਏ। ਸਟੇਜ਼ ਸੰਚਾਲਨ ਦੀ ਭੂਮਿਕਾ ਪਰਮਿੰਦਰ ਸਿੰਘ ਨੇ ਨਿਭਾਈ। ਇਸ ਮੌਕੇ ਤੇ ਡਾ. ਇੰਦਰਪ੍ਰੀਤ ਕੌਰ, ਪ੍ਰੋ. ਸਰਬਜੀਤ ਕੌਰ ਹੋਸਟਲ ਵਾਰਡਨ, ਡਾ. ਰਮਨਦੀਪ ਕੌਰ, ਪ੍ਰੋ. ਸਪਨਜੀਤ ਕੌਰ, ਬੀਬੀ ਰਾਜਵਿੰਦਰ ਕੌਰ, ਬੀਬੀ ਸੁਖਵੀਰ ਕੌਰ, ਗੁਰਜੰਟ ਸਿੰਘ ਨਥੇਹਾ ਆਦਿ ਹਾਜ਼ਰ ਸਨ। ਕੈਂਪ ਨੂੰ ਸਫ਼ਲ ਬਣਾਉਣ ਵਿਚ ਸੰਤ ਬਾਬਾ ਕਾਕਾ ਸਿੰਘ ਜੀ ਮੁਖੀ ਮਸਤੂਆਣਾ ਸਾਹਿਬ, ਭਾਈ ਮਨੀ ਸਿੰਘ ਸੇਵਾ ਸੁਸਾਇਟੀ, ਰਣਜੀਤ ਸਿੰਘ ਮੈਨੇਜਰ ਤਖ਼ਤ ਸ੍ਰੀ ਦਮਦਮਾ ਸਾਹਿਬ, ਗੁਰਮੀਤ ਸਿੰਘ, ਗੁਰਚੇਤ ਸਿੰਘ, ਪ੍ਰਭਜੋਤ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਪ੍ਰਚਾਰਕ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ। ਕੈਂਪ ਦੌਰਾਨ ਵਿਸ਼ੇਸ਼ ਸੇਵਾਵਾਂ ਨਿਭਾਉਣ ਵਾਲੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।

### ਲੀਡਰਸ਼ਿਪ ਕੋਲ ਵਿਜ਼ਨ ਅਤੇ ਵਿਕਾਸ ਲਈ ਰੋਡ ਮੈਪ ਦਾ ਹੋਣਾ ਜ਼ਰੂਰੀ: ਤਰਨਜੀਤ ਸਿੰਘ ਸੰਧੂ

# ਕੇਂਦਰ ਤੋਂ ਵਿਸ਼ੇਸ਼ ਪੈਕੇਜ ਲਿਆਵਾਂਗੇ ਅਤੇ ਅੰਮ੍ਰਿਤਸਰ ਵਿੱਚ ਅਜਿਹਾ ਪ੍ਰਬੰਧ ਕਰਾਂਗੇ ਕਿ ਕੋਈ ਵੀ ਬੇਰੁਜ਼ਗਾਰ ਨਾ ਰਹੇ

**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਲੀਡਰਸ਼ਿਪ ਲਈ ਵਿਜ਼ਨ ਅਤੇ ਵਿਕਾਸ ਲਈ ਯੋਜਨਾਬੰਦੀ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਲਈ ਕੇਂਦਰ ਤੋਂ ਸਪੈਸ਼ਲ ਪੈਕੇਜ ਦੀ ਮੰਗ ਕਰਾਂਗੇ ਅਤੇ ਅੰਮ੍ਰਿਤਸਰ ਵਿਚ ਅਜਿਹੀ ਵਿਵਸਥਾ ਤਿਆਰ ਕਰਾਂਗੇ ਕਿ ਕੋਈ ਵੀ ਬੇਰੁਜ਼ਗਾਰ ਨਾ ਰਹੇ। ਉਹ ਅੱਜ ਹੋਲੀ ਸਿਟੀ ਵਿਖੇ ਇਕ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਸਰਦਾਰ ਤਰਨਜੀਤ ਸਿੰਘ ਸੰਧੂ ਨੂੰ ਸਨਮਾਨਿਤ ਕਰਨ ਮੌਕੇ ਸਥਾਨਕ ਭਾਜਪਾ ਆਗੂਆਂ ਤੇ ਸਰਗਰਮ ਵਰਕਰਾਂ ਵਿੱਚ ਬੇਹੱਦ ਖ਼ੁਸ਼ੀ ਪਾਈ ਜਾ ਰਹੀ ਸੀ।



ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਮੈਨੂੰ ਭਾਰਤ ਦੀ ਸੇਵਾ ਅਤੇ ਸਿੱਖੀ ਦੀ ਦਸਤਾਰ ਨੂੰ ਦੇਸ਼ ਵਿਦੇਸ਼ ਵਿਚ ਸਨਮਾਨ ਦਿਵਾਉਣ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਦੋ ਸ਼ਾਲਾਂ ਅੰਦਰ ਸ਼ਹਿਰ ਨੂੰ ਇੰਦੌਰ ਤੋਂ ਵੀ ਬਿਹਤਰ ਤੇ ਸਾਫ਼ ਸੁਥਰਾ ਬਣਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕੇ ਅੰਮ੍ਰਿਤਸਰ ਸਿਫ਼ਤੀਂ ਦਾ ਘਰ ਹੈ। ਉਹ ਅੰਮ੍ਰਿਤਸਰ ਦੇ ਵਿਕਾਸ, ਖੇਤੀ ਨੂੰ ਲਾਭਦਾਇਕ ਬਣਾਉਣ, ਇੱਥੋਂ ਦੀ ਇੰਡਸਟਰੀ, ਵਪਾਰਕ ਉੱਨਤੀ ਅਤੇ ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਉਹਨਾਂ ਨੂੰ ਜ਼ਿੰਦਗੀ ਚ ਸਫਲ ਬਣਾਉਣ ਲਈ ਯਤਨਸ਼ੀਲ ਰਹੇਗਾ ਅਤੇ ਲੋਕਾਂ ਦੀਆਂ ਆਸਾਂ ਉਮੀਦਾਂ ਤੇ ਖਰਾ ਉੱਤਰਿਆ ਜਾਵੇਗਾ। ਭਾਜਪਾ ਓ ਬੀ ਸੀ ਮੋਰਚਾ ਦੇ ਪ੍ਰਧਾਨ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਕਿਹਾ ਕਿ ਸਰਦਾਰ ਸੰਧੂ ਖ਼ੁਦ ਵੀ ਭਾਰਤੀ ਵਿਦੇਸ਼ ਸੇਵਾ ਦੌਰਾਨ ਭਾਰਤ ਨੂੰ ਵਿਸ਼ਵ ਭਰ ਵਿਚ ਨਵੀਂ ਪਹਿਚਾਣ ਦਿਵਾ ਕੇ ਆਪਣੀ ਕਾਬਲੀਅਤ ਨੂੰ ਸਿੱਧ ਕਰ ਚੁੱਕੇ ਹਨ। ਅੰਮ੍ਰਿਤਸਰ ਨੂੰ ਸਰਦਾਰ ਸੰਧੂ ਵਰਗੇ ਇਮਾਨਦਾਰ ਅਤੇ ਸਮਰੱਥਾਵਾਨ ਆਗੂ ਦੀ ਜ਼ਰੂਰਤ ਸੀ। ਜੋ ਹੁਣ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਰਦਾਰ ਸੰਧੂ ਵੱਲੋਂ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਲਈ ਯੋਜਨਾਵਾਂ ਨੂੰ ਅਮਲੀਜਾਮਾ ਪਹਿਨਾਉਣ ਦੇ ਯਤਨ ਨੂੰ ਕਾਮਯਾਬੀ ਮਿਲ ਰਹੀ ਹੈ।

ਜ਼ਿਲ੍ਹਾ ਭਾਜਪਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਨੇ ਤਰਨਜੀਤ ਸਿੰਘ ਸੰਧੂ ਦੀ ਅੰਮ੍ਰਿਤਸਰ ਪ੍ਰਤੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਸਰਦਾਰ ਸੰਧੂ ਗੁਰੂ ਨਗਰੀ ਅੰਮ੍ਰਿਤਸਰ ਦੀ ਮਿੱਟੀ ਦਾ ਪੁੱਤਰ ਹੈ। ਉਹਨਾਂ ਕਿਹਾ ਕੇ ਸਰਦਾਰ ਸੰਧੂ ਦਾ ਪਿਛੋਕੜ ਦੇਸ਼ ਕੌਮ ਲਈ ਕੁਰਬਾਨੀਆਂ ਵਾਲੇ ਪਰਿਵਾਰਕ ਨਾਲ ਸੰਬੰਧ ਹੈ, ਸਮੂਹ ਨਗਰ ਨਿਵਾਸੀ ਸਰਦਾਰ ਸੰਧੂ ਦਾ ਸਾਥ ਦੇਣਗੇ। ਇਸ ਮੌਕੇ ਭੁਪਿੰਦਰ ਸਿੰਘ ਚਾਵਲਾ, ਦਲਜੀਤ ਸਿੰਘ ਕੋਹਲੀ, ਬੋਨੀ ਅਜਨਾਲਾ, ਹਰਵਿੰਦਰ ਸੰਧੂ ਅਤੇ ਰੀਨਾ ਜੇਤਲੀ ਨੇ ਸਰਦਾਰ ਸੰਧੂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਰਾਜਨ ਕਪੂਰ, ਪਵਨ ਚਾਵਲਾ, ਰਾਹੁਲ ਮਹੇਸ਼ਵਰੀ, ਸੰਜੀਵ ਖੋਸਲਾ, ਸੁਮਿਤ ਸੇਠ, ਗੌਰਵ ਗਿੱਲ, ਰਕੇਸ਼ ਗਿੱਲ, ਮਨੀਸ਼ ਸ਼ਰਮਾ, ਸੋਨਮ ਚੌਹਾਨ ਅਤੇ ਓਮ ਪ੍ਰਕਾਸ਼ ਅਨਾਰੀਆ ਵੀ ਮੌਜੂਦ ਸਨ।

# ਅੰਮ੍ਰਿਤਸਰੀਆਂ ਨਾਲ ਚਾਹ ਦੀਆਂ ਚੁਸਕੀਆਂ ਦੌਰਾਨ ਅੰਬੈਸਡਰ ਤਰਨਜੀਤ ਸੰਧੂ ਨੇ ਸ਼ਹਿਰ ਦੇ ਵਿਕਾਸ ਬਾਰੇ ਕੀਤੀ ਚਰਚਾ

**ਅੰਮ੍ਰਿਤਸਰ 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਇਤਿਹਾਸਕ ਸ਼ਹਿਰ ਦੀ ਨਿਰਯਾਤ ਸਮਰੱਥਾ ਨੂੰ ਵਧਾਉਣ ਅਤੇ ਸਥਾਨਕ ਲੋਕਾਂ ਦੀ ਆਮਦਨ ਵਧਾਉਣ 'ਤੇ ਕੇਂਦਰਿਤ ਹੈ। ਉਨ੍ਹਾਂ ਕਿਹਾ ਕਿ ਆਈਐਮਐਫ ਅਤੇ ਵਿਸ਼ਵ ਬੈਂਕ ਦੀਆਂ ਦਲੀਲਾਂ ਸਾਬਤ ਕਰਦੀਆਂ ਹਨ ਕਿ ਲੋਕ ਭਾਰਤ ਰਾਹੀਂ ਵਿਸ਼ਵ ਆਰਥਿਕ ਪੁਨਰ-ਉਥਾਨ ਨੂੰ ਦੇਖ ਰਹੇ ਹਨ, ਇਹ ਇੱਕ ਮੌਕਾ ਹੈ ਜਿਸ ਨੂੰ ਅੰਮ੍ਰਿਤਸਰ ਅਤੇ ਪੰਜਾਬ ਨੂੰ ਗੁਆਉਣਾ ਨਹੀਂ ਚਾਹੀਦਾ। ਰਾਜਦੂਤ ਤਰਨਜੀਤ ਸਿੰਘ ਸੰਧੂ ਅੱਜ ਸਵੇਰ ਦੀ ਸੈਰ ਉਪਰੰਤ ਕੂਪਰ ਰੋਡ ਸਥਿਤ ਅੰਮ੍ਰਿਤਸਰ ਦੇ ਪ੍ਰਸਿੱਧ ਗਿਆਨੀ ਟੀ ਸਟਾਲ 'ਤੇ ਰੁਕੇ। ਉੱਥੇ ਸੜਕ ਕਿਨਾਰੇ ਆਪਣੇ ਅੰਮ੍ਰਿਤਸਰੀਏ ਭਰਾਵਾਂ ਨਾਲ ਚਾਹ ਦੀਆਂ ਚੁਸਕੀਆਂ ਦਾ ਮਜ਼ਾ ਲਿਆ ਅਤੇ ਗਰਮਾ ਗਰਮ ਕਚੌਰੀਆਂ ਦਾ ਆਨੰਦ ਮਾਣਦਿਆਂ ਦਿਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਵੀ ਮੌਜੂਦ ਸਨ। ਇਸ ਸਮੇਂ ਉਨ੍ਹਾਂ ਦੇ ਵੱਖਰੇ ਅਤੇ ਮਿਲਾਪੜੇ ਅੰਦਾਜ਼ ਨੂੰ ਲੋਕਾਂ ਨੇ ਖ਼ੂਬ ਪਸੰਦ ਕੀਤਾ। ਉਨ੍ਹਾਂ ਗਿਆਨੀ ਚਾਹ ਵਾਲੇ ਦੇ ਪੁੱਤਰ ਸ. ਗੁਰਮੀਤ ਸਿੰਘ ਬਿੱਲੇ ਨੂੰ ਮਿਲ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਅੰਬੈਸਡਰ ਸੰਧੂ ਨੇ ਦੱਸਿਆ ਕਿ ਉਹ ਬਚਪਨ ਵਿਚ ਇਥੇ ਆਇਆ ਕਰਦੇ ਸਨ, ਪਰ ਫਿਰ 36 ਸ਼ਾਲ ਦੀ ਭਾਰਤੀ ਵਿਦੇਸ਼ ਸੇਵਾ ਕਾਰਨ ਇੱਥੋਂ ਦੀ ਚਾਹ ਉਨ੍ਹਾਂ ਤੋਂ ਦੂਰ ਹੋ ਗਈ। ਉਨ੍ਹਾਂ ਕਿਹਾ " ਮੈਂ ਦੇਸ਼ ਦੀ ਸੇਵਾ ਕਰਨ ਗਿਆ ਸਾਂ। ਜਿਵੇਂ ਫ਼ੌਜੀ ਸੇਵਾ ਮੁਕਤੀ ਤੋਂ ਬਾਅਦ ਘਰ ਵਾਪਸ ਮੁੜਦੇ ਹਨ, ਮੈਂ ਵੀ ਮੁੜ ਕੇ ਘਰ ਆ ਗਿਆ ਹਾਂ। ਹੁਣ ਅੰਮ੍ਰਿਤਸਰ ਦਾ ਵਿਕਾਸ ਹੀ ਮੇਰਾ ਮੰਤਵ ਹੈ।" ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੈਨੂੰ "ਅੰਮ੍ਰਿਤਸਰ ਦੀ ਸੇਵਾ" ਕਰਨ ਲਈ ਪ੍ਰੇਰਿਤ ਕੀਤਾ ਹੈ। ਜਿਨ੍ਹਾਂ ਦੀ ਦੂਰਅੰਦੇਸ਼ੀ ਸੋਚ ਨੇ ਮੈਨੂੰ ਵੀ ਅੱਗੇ ਸੋਚਣ ਲਈ ਉਤਸ਼ਾਹਿਤ ਕੀਤਾ ਹੈ। ਸੰਧੂ ਨੇ ਪੰਜਾਬ ਦੇ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਨੂੰ ਨੌਕਰੀਆਂ ਕਰਨ ਲਈ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਤੋਂ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਡੇ ਨੌਜਵਾਨਾਂ ਨੂੰ ਹੁਨਰਮੰਦ ਬਣਾਇਆ ਜਾਵੇ ਤਾਂ ਵਿਦੇਸ਼ ਜਾਣ ਦੀ ਲੋੜ ਨਾ ਰਹੇ। ਜੇ ਜਾਣਾ ਵੀ ਤਾਂ ਵੀ ਹੁਨਰ ਲੈ ਕੇ ਜਾਣ।



### ਗੁਰਦੁਆਰਾ ਛਪੜੀ ਸਾਹਿਬ ਪਿੰਡ ਤੂਤ ਵਿਖੇ

# ਚੇਤ ਮਹੀਨੇ ਦੀ ਪੂਰਨਮਾਸੀ ਦਾ ਪਵਿੱਤਰ ਦਿਹਾੜਾ ਤੇ ਹੋਲਾ ਮੁਹੱਲਾ ਮਨਾਇਆ ਗਿਆ







**ਫ਼ਿਰੋਜ਼ਪੁਰ, 25 ਮਾਰਚ (ਮਨੋਹਰ ਲਾਲ) :—** ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਚੇਤ ਮਹੀਨੇ ਦੀ ਪੂਰਨਮਾਸੀ ਦਾ ਪਵਿੱਤਰ ਦਿਹਾੜਾ ਅਤੇ ਹੋਲਾ ਮੁਹੱਲਾ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ, ਕਥਾ ਵਾਚਕ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਗੁਰਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਕਥਾ ਕਰਦਿਆਂ ਆਖਿਆ ਕਿ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖ ਪੰਥ ਨੂੰ ਬਚਨ ਕੀਤੇ ਸੀ ਕਿ ਹੋਲੇ ਮੁਹੱਲੇ ਤੇ ਸੰਗਤਾਂ ਆਨੰਦਪੁਰ ਸਾਹਿਬ ਜ਼ਰੂਰ ਪਹੁੰਚਣ ਅਤੇ ਇਕ ਸਾਲ ਵਿਚ 4 ਗੁਰੂਧਾਮਾਂ ਤੇ ਜ਼ਰੂਰ ਜਾਣ, ਜਿਵੇਂ ਹਰ ਸਿੱਖ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਸਾਹਿਬ, ਹੋਲੇ ਮੁਹੱਲੇ ਤੇ ਸ੍ਰੀ ਆਨੰਦਪੁਰ ਸਾਹਿਬ ਅਤੇ ਵਿਸਾਖੀ ਤੇ ਸ੍ਰੀ ਦਮਦਮਾ ਸਾਹਿਬ ਜੀ ਅਤੇ ਮੇਲਾ ਮਾਘੀ ਤੇ ਸ੍ਰੀ ਮੁਕਤਸਰ ਸਾਹਿਬ ਜ਼ਰੂਰ ਪਹੁੰਚਣ ਅਤੇ ਗੁਰੂ ਨਾਲ ਜੁੜਣ ਤੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ ਜਾਣ। ਬਾਬਾ ਜੀ ਨੇ ਅੱਗੇ ਕਿਹਾ ਕਿ ਲੋਕ ਹੋਲੀ ਖੇਡਦੇ ਹਨ, ਪਰ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਸਾਨੂੰ ਵੈਰ ਵਿਰੋਧ ਭੁਲਾ ਕੇ ਹੋਲਾ ਮੁਹੱਲਾ ਖੇਡਿਆਂ ਜਾਵੇ ਅਤੇ ਗੁਰੂ ਦਾ ਸਿਮਰਨ ਕਰੋ ਅਤੇ ਆਏ ਗਏ ਦਾ ਸਨਮਾਨ ਕਰੋ ਅਤੇ ਆਏ ਹੋਏ ਮਹਿਮਾਨਾਂ ਦੀ ਸੇਵਾ ਕਰੋ, ਵੱਧ ਤੋਂ ਵੱਧ ਲੰਗਰ ਲਗਾਉ ਤਾਂ ਜ਼ੋ ਸਾਡਾ ਆਪਸੀ ਪਿਆਰ ਵਧੇ। ਬਾਬਾ ਜੀ ਨੇ ਅੱਗੇ ਕਿਹਾ ਕਿ ਸਾਨੂੰ ਹਮੇਸ਼ਾ ਗੁਰੂ ਸਾਹਿਬ ਤੋਂ ਇਹੀ ਮੰਗੋ ਕਿ ਹੇ ਸੱਚੇ ਪਾਤਸ਼ਾਹ ਸਾਨੂੰ ਨਾਮ ਦੀ ਦਾਤ ਬਖਸ਼ੋ ਅਤੇ ਹਮੇਸ਼ਾ ਆਪਣੇ ਚਰਨਾਂ ਨਾਲ ਜੋੜੀ ਰੱਖੋ ਅਤੇ ਸਾਡੇ ਤੇ ਕ੍ਰਿਪਾ ਕਰ ਦਿਉ ਅਤੇ ਸਾਨੂੰ 84 ਦੇ ਗੇੜ ਤੋਂ ਬਚਾਅ ਲਓ। ਬਾਬਾ ਜੀ ਨੇ ਅੱਗੇ ਕਿਹਾ ਕਿ ਸਾਨੂੰ ਵਹਿਮਾਂ ਭਰਮਾਂ ਤੋਂ ਉਪਰ ਉੱਠ ਕੇ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਓਟ ਆਸਰਾ ਲੈਣਾ ਚਾਹੀਦਾ ਹੈ। ਬਾਬਾ ਜੀ ਨੇ ਅੱਗੇ ਕਿਹਾ ਕਿ ਅੱਜ ਅਸੀਂ ਸੰਗਤ ਨੂੰ ਕਹਿੰਦੇ ਹਾਂ ਕਿ ਅੰਮ੍ਰਿਤ ਛਕ ਲਓ ਗੁਰੂ ਵਾਲੇ ਬਣ ਜਾਓ ਪਰ ਕਈ ਕਟੜ ਹਨ, ਗੁਰੂ ਤੇ ਭਰੋਸਾ ਰੱਖਦੇ ਹਨ ਅਤੇ ਵਹਿਮਾਂ ਭਰਮਾਂ ਦੇ ਜੰਜਾਲ ਵਿਚੋਂ ਸਿਰਫ ਆਪ ਗੁਰੂ ਸਾਹਿਬ ਕੱਢ ਸਕਦੇ ਹਨ, ਜਦੋਂ ਸਾਡੀ ਗੁਰੂ ਨਾਲ ਪ੍ਰੀਤ ਲੱਗ ਗਈ ਤਾਂ ਸਾਨੂੰ ਦੁਆਰੇ ਛੱਡਣੇ ਪੈਣਗੇ, ਜਿਵੇਂ ਕਾਮ ਕਰੋਧ, ਮੋਹ, ਲੋਭ ਹੰਕਾਰ ਜਦੋਂ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ। ਬਾਬਾ ਜੀ ਨੇ ਭਾਈ ਘਨਈਆ ਜੀ ਦੀ ਕਥਾ ਸੁਣਾਉਂਦਿਆਂ ਕਿਹਾ ਕਿ ਇਕ ਵਾਰ ਜੰਗ ਵਿਚ ਭਾਈ ਘਨਈਆ ਜੀ ਨੂੰ ਪਾਣੀ ਪੀਆ ਰਹੇ ਸੀ ਤਾਂ ਸਿੰਘਾਂ ਨੇ ਧੰਨ—ਧੰਨ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਕੋਲ ਭਾਈ ਘਨਈਆ ਜੀ ਦਾ ਸ਼ਿਕਾਰ ਕੀਤੀ ਕਿ ਮਹਾਰਾਜ ਜੀ ਇਹ ਦੁਸ਼ਮਣ ਫੌਜ਼ ਨੂੰ ਵੀ ਪਾਣੀ ਪੀਆ ਰਿਹਾ ਹੈ ਤਾਂ ਭਾਈ ਘਨਈਆ ਜੀ ਨੂੰ ਗੁਰੂ ਜੀ ਨੇ ਬੁਲਾਇਆ ਤਾਂ ਭਾਈ ਘਨਈਆ ਗੁਰੂ ਸਾਹਿਬ ਕੋਲ ਗਿਆ ਅਤੇ ਨਿਮਰਤਾ ਸਹਿਤ ਪੁਛਿਆ ਤਾਂ ਮਹਾਰਾਜ ਜੀ ਨੇ ਭਾਈ ਘਨਈਆ ਜੀ ਤੋਂ ਪੁਛਿਆ ਕਿ ਤੇਰੀ ਸ਼ਿਕਾਇਤ ਆਈ ਹੈ ਕਿ ਤੁਸੀਂ ਦੁਸ਼ਮਣਾਂ ਨੂੰ ਪਾਣੀ ਪਿਆ ਰਹੇ ਹੋ ਤਾਂ ਭਾਈ ਘਣਈਆ ਕਹਿਣ ਲੱਗਾ ਮਹਾਰਾਜ ਮੈਨੂੰ ਤਾਂ ਕੋਈ ਦੁਸ਼ਮਣ ਨਹੀਂ ਦਿਸਦਾ, ਸਭ ਆਪ ਜੀ ਦਾ ਰੂਪ ਦਿਸਦਾ ਹੈ ਤਾਂ ਗੁਰੂ ਜੀ ਪ੍ਰਸੰਨ ਹੋ ਗਏ ਅਤੇ ਭਾਈ ਘਟਈਆ ਜੀ ਨੂੰ ਆਪਣੇ ਗੱਲ ਲਾ ਲਿਆ ਅਤੇ ਕਿਹਾ ਕਿ ਹੁਣ ਤੁਸੀਂ ਮਰਹਿਮ ਪਟੀਆਂ ਵੀ ਕਰੋ। ਬਾਬਾ ਜੀ ਨੇ ਅੱਗੇ ਕਿਹਾ ਕਿ ਗੁਰਦੁਆਰਾ ਸਾਹਿਬ ਜੀ ਦੇ ਲੰਗਰ ਹਾਲ ਦਾ ਲੈਂਟਰ 7 ਅਪ੍ਰੈਲ ਦਿਨ ਐਤਵਾਰ (25 ਚੇਤ) ਨੂੰ ਪਵੇਗਾ, ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਉਹ 7 ਅਪ੍ਰੈਲ ਦਿਨ ਐਤਵਾਰ ਨੂੰ ਜ਼ਰੂਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਤੇ ਭਾਈ ਹਰਪਿੰਦਰ ਸਿੰਘ ਗੁਰਦੁਆਰਾ ਛੱਪੜੀ ਸਾਹਿਬ ਨੇ ਸਟੇਜ਼ ਦੀ ਸੇਵਾ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਗਏ।

# ‘ਯਾਦਾਂ ’ਚ ਫੁੱਲ ਖਿੜੇ’ ਕਿਤਾਬ ਦਾ ਲੋਕ ਅਰਪਣ ਸਮਾਗਮ



ਮੋਗਾ/ਰਸ਼ਿਪੰਦਰ ਕੌਰ ਗਿੱਲ/24 ਮਾਰਚ ਡੀ.ਐਮ ਕਾਲਜ ਮੋਗਾ ਵਿਖੇ ਭੰਗਚੜ੍ਹੀ ਸਾਹਿਤ ਸਭਾ ‘ਤੇ ਟੈਗੋਰ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਕਾਲਾ ਟਿੱਕਾ ਕਿਤਾਬ ਦੇ ਰਚੇਤਾ “ਸੁਖਜਿੰਦਰ ਸਿੰਘ ਭੰਗਚੜ੍ਹੀ” ਜੀ ਦੀ ਕਿਤਾਬ “ਯਾਦਾਂ ‘ਚ ਫੁੱਲ ਖਿੜੇ” ਦਾ ਲੋਕ ਅਰਪਣ ਸਮਾਗਮ ਮੁਕੰਮਲ ਹੋਇਆ। “ਸੁਖਜਿੰਦਰ ਸਿੰਘ ਭੰਗਚੜ੍ਹੀ” ਜੀ ਭੰਗਚੜ੍ਹੀ ਸਾਹਿਤ ਸਭਾ ਦੇ ਪ੍ਰਧਾਨ ਹਨ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੇ ਸ਼੍ਰੀ ਮੁਕਤਸਰ ਸਾਹਿਬ ਇਕਾਈ ਦੇ ਵੀ ਪ੍ਰਧਾਨ ਵਜੋਂ ਕਾਰਜਸ਼ੀਲ ਹਨ। ਇਹ ਕਿਤਾਬ ਲੇਖਕ ਨੇ ਆਪਣੇ ਬੀ.ਐਡ ਵਿੱਚ ਪੜਦੇ ਵਿਦਿਆਰਥੀਆਂ ਨੂੰ ਅਤੇ ਅਧਿਆਪਕਾਂ ਨੂੰ ਸਮਰਪਿਤ ਕੀਤੀ ਹੈ। ਇਸ ਸਮਾਗਮ ਵਿੱਚ ਲੇਖਕ ਸੁਖਜਿੰਦਰ ਸਿੰਘ ਭੰਗਚੜ੍ਹੀ ਜੀ ਸਾਰੇ ਬੀ.ਐਡ ਬੈਚ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਪਹੁੰਚੇ ਅਤੇ ਉਸ ਸਮੇਂ ਦੀਆਂ ਮਿੱਠੀਆਂ ਯਾਦਾਂ ਨੂੰ ਤਾਜ਼ਾ ਕੀਤਾ। ਇਸ ਸਮਾਗਮ ਵਿੱਚ ਇੱਕ ਵਿਸ਼ਾਲ ਕਵੀ ਦਰਬਾਰ ਵੀ ਰੱਖਿਆ ਗਿਆ। ਜਿਸ ਵਿੱਚ ਸਭ ਲਿਖਾਰੀਆਂ ਨੇ ਆਪਣੇ ਵਿਚਾਰਾਂ, ਆਪਣੇ ਗੀਤਾਂ ਅਤੇ ਆਪਣੀਆਂ ਕਵਿਤਾਵਾਂ ਸੁਣਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਇਸ ਲੋਕ ਅਰਪਣ ਸਮਾਗਮ ਵਿੱਚ ਕਈ ਸਮਾਜ ਸੇਵੀ ਸ਼ਖਸਿਅਤਾਂ ਵੀ ਪਹੁੰਚੀਆਂ, ਜਿੰਨ੍ਹਾਂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਸਮਾਜ ਦੀ ਕਈ ਕੁਰਿਤੀਆਂ ਵੱਲ ਵੀ ਸਭ ਦਾ ਧਿਆਨ ਖਿੱਚਿਆ। ਇਸ ਕਿਤਾਬ ਦੇ ਲੋਕ ਅਰਪਣ ਸਮਾਗਮ ਵਿੱਚ ਪਹੁੰਚੀ ਹਰ ਅਦਬੀ ਸ਼ਖਸਿਅਤ ਦਾ ਭੰਗਚੜ੍ਹੀ ਸਾਹਿਤ ਸਭਾ ਤੇ ਟੈਗੋਰ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਲੋਈਆਂ, ਫੁੱਲਕਾਰੀਆਂ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਹ ਸਮਾਗਮ ਬਹੁਤ ਹੀ ਉੱਚ ਪੱਧਰ ਦੀ ਛਾਪ ਸਾਰੀਆਂ ਅਦਬੀ ਸ਼ਖਸਿਅਤਾਂ ਦੇ ਦਿਲਾਂ ਵਿੱਚ ਛੱਡ ਗਿਆ। ਕਲਮਾਂ ਦੇ ਵਾਰ ਸਾਹਿਤਕ ਮੰਚ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਕਿਤਾਬ “ਯਾਦਾਂ ‘ਚ ਫੁੱਲ ਖਿੜੇ” ਦੇ ਲੋਕ ਅਰਪਣ ਸਮਾਗਮ ਵਿੱਚ ਵਿਸ਼ੇਸ਼ ਸਹਿਯੋਗ ਰਿਹਾ।

# ਭਾਈ ਕੁਲਵਿੰਦਰ ਸਿੰਘ ਬੰਡਾਲਾ ਦੇ ਕਾਤਲਾਂ ਨੂੰ 4 ਸਾਲ ਹੋ ਗਏ ਅਜੇ ਤੱਕ ਪੁਲਿਸ ਨੇ ਨਹੀਂ ਕੀਤੇ ਕਾਬੂ—ਭਾਈ ਗੁਰਨਾਮ ਸਿੰਘ ਬੰਡਾਲਾ



**ਫ਼ਿਰੋਜ਼ਪੁਰ, 25 ਮਾਰਚ (ਮਨੋਹਰ ਲਾਲ) :—** ਦਮਦਮੀ ਟਕਸਾਲ ਦੇ ਜਥੇਦਾਰ ਭਾਈ ਗੁਰਨਾਮ ਸਿੰਘ ਬੰਡਾਲਾ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੇਰਾ ਭਤੀਜਾ ਕੁਲਵਿੰਦਰ ਸਿੰਘ ਜ਼ੋ ਕਿ ਆਪਣੀ ਦੁਕਾਨ ਤੇ ਬੈਠਾ ਹੋਇਆ ਸੀ ਤਾਂ ਉਸ ਨੂੰ ਦੁਕਾਨ ਤੇ ਬੈਠੇ ਨੂੰ ਗੋਲੀਆਂ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਜਥੇਦਾਰ ਭਾਈ ਗੁਰਨਾਮ ਸਿੰਘ ਬੰਡਾਲਾ ਨੇ ਅੱਗੇ ਕਿਹਾ ਕਿ ਚਾਰ ਸਾਲਾਂ ਤੋਂ ਪਰਿਵਾਰ ਕਦੇ ਐਸ.ਐਸ.ਪੀ, ਕਦੇ ਡੀ.ਆਈ.ਜੀ, ਕਦੇ ਡੀ.ਜੀ.ਪੀ ਤੋਂ ਇਲਾਵਾ ਪੁਲਿਸ ਦੇ ਆਹਲਾ ਅਫਸਰਾਂ ਦੇ ਗੇੜੇ ਕੱਢ ਰਿਹਾ ਹੈ, ਘਰ ਉਹ ਪੁਲਿਸ ਦੇ ਹੱਥੇਂ ਨਹੀਂ ਆ ਰਹੇ ਜਾਂ ਇੰਜ ਕਹਿ ਲਓ ਕਿ ਉਹ ਪੈਸੇ ਦੇ ਜ਼ੋਰ ਤੇ ਅਤੇ ਅਸਰ ਰਸੂਖ ਨਾਲ ਨਹੀਂ ਫੜੇ ਜਾ ਰਹੇ।ਉਨ੍ਹਾਂ ਕਿਹਾ ਕਿ ਦਸਣਯੋਗ ਹੈ ਕਿ ਮਾਨਯੋਗ ਅਦਾਲਤ ਵੱਲੋਂ ਉਨ੍ਹਾਂ ਨੂੰ ਕਈ ਵਾਰ ਸੰਮਨ ਕੱਢੇ, ਕਈ ਵਾਰ ਭਗੌੜਾ ਕਰਾਰ ਦਿੱਤਾ, ਪਰ ਉਹ ਪੁਲਿਸ ਦੇ ਹੱਥੇ ਨਹੀਂ ਆ ਰਹੇ। ਜਥੇਦਾਰ ਭਾਈ ਗੁਰਨਾਮ ਸਿੰਘ ਬੰਡਾਲਾ ਨੇ ਅੱਗੇ ਦੱਸਿਆ ਕਿ ਦੋਸ਼ੀ ਪਿੰਡਾਂ ਵਿਚ ਨਸ਼ਾ ਵੇਚਦੇ ਸੀ ਅਤੇ ਭਾਈ ਕੁਲਵਿੰਦਰ ਸਿੰਘ ਨਸ਼ੇ ਦਾ ਵਿਰੋਧ ਕਰਦਾ ਸੀ, ਕਿ ਮੈਂ ਪਿੰਡ ਬੰਡਾਲੇ ਵਿਚ ਨਸ਼ਾ ਨਹੀਂ ਵੇਚਣ ਦੇਣਾ, ਜਿਸ ਕਰਕੇ ਉਸ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਅਸੀਂ ਪੰਜਾਬ ਦੇ ਡੀ.ਜੀ.ਪੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਹਿਣਾ ਚਾਹੁੰਦੇ ਹਾਂ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ ਅਤੇ ਪਰਿਵਾਰ ਨੂੰ ਇਨਸਾਫ ਦਿੱਤਾ ਜਾਵੇ। ਇਸ ਮੌਕੇ ਤੇ ਭਾਈ ਕੁਲਵਿੰਦਰ ਸਿੰਘ ਦੀ ਧਰਮਪਤਨੀ ਅਤੇ ਮਾਤਾ ਤੇ ਭਰਾ ਸਤਿੰਦਰ ਸਿੰਘ ਬੰਡਾਲਾ ਵੀ ਹਾਜ਼ਰ ਸਨ।

# ਸਟਰੀਮ ਲਾਈਨ ਵੈਲਫੇਅਰ ਦੇ ਪ੍ਰਧਾਨ ਦੀ ਹੋਈ ਚੋਣ—ਕਿਸ਼ਨ ਚੰਦ ਜਾਗੋਵਾਲੀਆ ਨੂੰ ਬਣਾਇਆ ਪ੍ਰਧਾਨ



ਫ਼ਿਰੋਜ਼ਪੁਰ, 25 ਮਾਰਚ (ਮਨੋਹਰ ਲਾਲ) :— ਸਮਾਜ ਸੇਵੀ ਕਾਰਜ ਕਰਦੀ ਆ ਰਹੀ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਵੱਲੋਂ ਸ੍ਰੀ ਦੀਵਾਨ ਚੰਦ ਸੁਖੀਚਾ ਚੇਅਰਮੈਨ ਦੀ ਅਗਵਾਈ ਹੇਠ ਪ੍ਰਧਾਨ ਦੀ ਚੋਣ ਕਰਨ ਲਈ ਮੀਟਿੰਗ ਸੱਦੀ ਗਈ। ਇਸ ਮੀਟਿੰਗ ਦੌਰਾਨ ਸਮੂਹ ਆਈਆਂ ਨੇ ਸਰਸਵਸੰਮਤੀ ਨਾਲ ਪ੍ਰਧਾਨ ਚੁਨਣ ਦਾ ਐਲਾਨ ਕੀਤਾ ਅਤੇ ਸਮੂਹ ਮੈਂਬਰਾਂ ਵੱਲੋਂ ਕਿਸ਼ਨ ਚੰਦ ਜਾਗੋਵਾਲੀਆ ਨੂੰ ਸਰਬਸੰਮਤੀ ਨਾਲ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦਾ ਪ੍ਰਧਾਨ ਚੁਣ ਲਿਆ। ਦਸਣਯੋਗ ਹੈ ਕਿ ਸਭਾ ਦੇ ਸਾਬਕਾ ਪ੍ਰਧਾਨ ਸ੍ਰੀ ਹਰਭਗਵਾਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਦੀ ਸੂਰਤ ਵਿਚ ਪ੍ਰਧਾਨ ਦਾ ਅਹੁਦਾ ਖਾਲੀ ਚਲਿਆ ਆ ਰਿਹਾ ਸੀ, ਜਿਸ ਨੂੰ ਅੱਜ ਸਭਾ ਦੇ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਭਰ ਦਿੱਤਾ ਗਿਆ। ਨਵ ਨਿਯੁਕਤ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਨੇ ਵਿਸਵਾਸ਼ ਦਿਵਾਇਆ ਕਿ ਉਹ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਲੋਕ ਭਲਾਈ ਦੇ ਕੰਮ ਨੂੰ ਇਸੀ ਤਰ੍ਹਾਂ ਚਲਾਉਣਗੇ ਅਤੇ ਪੂਰੀ ਲਗਨ ਨਾਲ ਸੁਸਾਇਟੀ ਦੇ ਕੰਮ ਕਰਨਗੇ।

# ਕੇਂਦਰ ਤੋਂ ਵਿਸ਼ੇਸ਼ ਪੈਕੇਜ ਲਿਆਵਾਂਗੇ ਅਤੇ ਅੰਮ੍ਰਿਤਸਰ ਵਿੱਚ ਅਜਿਹਾ ਪ੍ਰਬੰਧ ਕਰਾਂਗੇ ਕਿ ਕੋਈ ਵੀ ਬੇਰੁਜ਼ਗਾਰ ਨਾ ਰਹੇ- ਤਰਨਜੀਤ ਸਿੰਘ ਸੰਧੂ



**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਲੀਡਰਸ਼ਿਪ ਲਈ ਵਿਜ਼ਨ ਅਤੇ ਵਿਕਾਸ ਲਈ ਯੋਜਨਾਬੰਦੀ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਲਈ ਕੇਂਦਰ ਤੋਂ ਸਪੈਸ਼ਲ ਪੈਕੇਜ ਦੀ ਮੰਗ ਕਰਾਂਗੇ ਅਤੇ ਅੰਮ੍ਰਿਤਸਰ ਵਿਚ ਅਜਿਹੀ ਵਿਵਸਥਾ ਤਿਆਰ ਕਰਾਂਗੇ ਕਿ ਕੋਈ ਵੀ ਬੇਰੁਜ਼ਗਾਰ ਨਾ ਰਹੇ। ਉਹ ਅੱਜ ਹੋਲੀ ਸਿਟੀ ਵਿਖੇ ਇਕ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ।ਇਸ ਮੌਕੇ ਸਰਦਾਰ ਤਰਨਜੀਤ ਸਿੰਘ ਸੰਧੂ ਨੂੰ ਸਨਮਾਨਿਤ ਕਰਨ ਮੌਕੇ ਸਥਾਨਕ ਭਾਜਪਾ ਆਗੂਆਂ ਤੇ ਸਰਗਰਮ ਵਰਕਰਾਂ ਵਿੱਚ ਬੇਹੱਦ ਖ਼ੁਸ਼ੀ ਪਾਈ ਜਾ ਰਹੀ ਸੀ।ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਮੈਨੂੰ ਭਾਰਤ ਦੀ ਸੇਵਾ ਅਤੇ ਸਿੱਖੀ ਦੀ ਦਸਤਾਰ ਨੂੰ ਦੇਸ਼ ਵਿਦੇਸ਼ ਵਿਚ ਸਨਮਾਨ ਦਿਵਾਉਣ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਦੋ ਸ਼ਾਲਾਂ ਅੰਦਰ ਸ਼ਹਿਰ ਨੂੰ ਇੰਦੌਰ ਤੋਂ ਵੀ ਬਿਹਤਰ ਤੇ ਸਾਫ਼ ਸੁਥਰਾ ਬਣਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕੇ ਅੰਮ੍ਰਿਤਸਰ ਸਿਫ਼ਤੀਂ ਦਾ ਘਰ ਹੈ। ਉਹ ਅੰਮ੍ਰਿਤਸਰ ਦੇ ਵਿਕਾਸ, ਖੇਤੀ ਨੂੰ ਲਾਭਦਾਇਕ ਬਣਾਉਣ, ਇੱਥੋਂ ਦੀ ਇੰਡਸਟਰੀ, ਵਪਾਰਕ ਉੱਨਤੀ ਅਤੇ ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਉਹਨਾਂ ਨੂੰ ਜ਼ਿੰਦਗੀ ਚ ਸਫਲ ਬਣਾਉਣ ਲਈ ਯਤਨਸ਼ੀਲ ਰਹੇਗਾ ਅਤੇ ਲੋਕਾਂ ਦੀਆਂ ਆਸਾਂ ਉਮੀਦਾਂ ਤੇ ਖਰਾ ਉੱਤਰਿਆ ਜਾਵੇਗਾ । ਭਾਜਪਾ ਓ ਬੀ ਸੀ ਮੋਰਚਾ ਦੇ ਪ੍ਰਧਾਨ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਕਿਹਾ ਕਿ ਸਰਦਾਰ ਸੰਧੂ ਖ਼ੁਦ ਵੀ ਭਾਰਤੀ ਵਿਦੇਸ਼ ਸੇਵਾ ਦੌਰਾਨ ਭਾਰਤ ਨੂੰ ਵਿਸ਼ਵ ਭਰ ਵਿਚ ਨਵੀਂ ਪਹਿਚਾਣ ਦਿਵਾ ਕੇ ਆਪਣੀ ਕਾਬਲੀਅਤ ਨੂੰ ਸਿੱਧ ਕਰ ਚੁੱਕੇ ਹਨ। ਅੰਮ੍ਰਿਤਸਰ ਨੂੰ ਸਰਦਾਰ ਸੰਧੂ ਵਰਗੇ ਇਮਾਨਦਾਰ ਅਤੇ ਸਮਰੱਥਾਵਾਨ ਆਗੂ ਦੀ ਜ਼ਰੂਰਤ ਸੀ। ਜੋ ਹੁਣ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਰਦਾਰ ਸੰਧੂ ਵੱਲੋਂ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਲਈ ਯੋਜਨਾਵਾਂ ਨੂੰ ਅਮਲੀਜਾਮਾ ਪਹਿਨਾਉਣ ਦੇ ਯਤਨ ਨੂੰ ਕਾਮਯਾਬੀ ਮਿਲ ਰਹੀ ਹੈ। ਜ਼ਿਲ੍ਹਾ ਭਾਜਪਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਨੇ ਤਰਨਜੀਤ ਸਿੰਘ ਸੰਧੂ ਦੀ ਅੰਮ੍ਰਿਤਸਰ ਪ੍ਰਤੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਸਰਦਾਰ ਸੰਧੂ ਗੁਰੂ ਨਗਰੀ ਅੰਮ੍ਰਿਤਸਰ ਦੀ ਮਿੱਟੀ ਦਾ ਪੁੱਤਰ ਹੈ। ਉਹਨਾਂ ਕਿਹਾ ਕੇ ਸਰਦਾਰ ਸੰਧੂ ਦਾ ਪਿਛੋਕੜ ਦੇਸ਼ ਕੌਮ ਲਈ ਕੁਰਬਾਨੀਆਂ ਵਾਲੇ ਪਰਿਵਾਰਕ ਨਾਲ ਸੰਬੰਧ ਹੈ, ਸਮੂਹ ਨਗਰ ਨਿਵਾਸੀ ਸਰਦਾਰ ਸੰਧੂ ਦਾ ਸਾਥ ਦੇਣਗੇ। ਇਸ ਮੌਕੇ ਭੁਪਿੰਦਰ ਸਿੰਘ ਚਾਵਲਾ, ਦਲਜੀਤ ਸਿੰਘ ਕੋਹਲੀ, ਬੋਨੀ ਅਜਨਾਲਾ, ਹਰਵਿੰਦਰ ਸੰਧੂ ਅਤੇ ਰੀਨਾ ਜੇਤਲੀ ਨੇ ਸਰਦਾਰ ਸੰਧੂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਰਾਜਨ ਕਪੂਰ, ਪਵਨ ਚਾਵਲਾ, ਰਾਹੁਲ ਮਹੇਸ਼ਵਰੀ, ਸੰਜੀਵ ਖੋਸਲਾ, ਸੁਮਿਤ ਸੇਠ, ਗੌਰਵ ਗਿੱਲ, ਰਕੇਸ਼ ਗਿੱਲ, ਮਨੀਸ਼ ਸ਼ਰਮਾ, ਸੋਨਮ ਚੌਹਾਨ ਅਤੇ ਓਮ ਪ੍ਰਕਾਸ਼ ਅਨਾਰੀਆ ਵੀ ਮੌਜੂਦ ਸਨ।


### ਵਿਦੇਸ਼ਾਂ ਅੰਦਰ ਸਿੱਖ ਕਾਰਕੁਨਾਂ ਨੂੰ ਮਾਰਨ ਦੀਆਂ ਸਾਜ਼ਿਸ਼ਾਂ ਪਿੱਛੇ

# ਲੁਟੇਰਿਆਂ ਦਾ ਹੱਥ ਪ੍ਰਚਾਰਨਾ ਨਿੰਦਣਯੋਗ: ਦੁਬਿੰਦਰਜੀਤ ਸਿੰਘ

**ਨਵੀਂ ਦਿੱਲੀ, 26 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:-ਭਾਰਤੀ ਮੀਡੀਆ ਵੱਲੋਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਇਹ ਸੁਝਾਅ ਦੇ ਕੇ ਵਰਤਿਆ ਜਾ ਰਿਹਾ ਹੈ ਕਿ ਕਤਲੇਆਮ ਅਤੇ ਸਿੱਖ ਕਾਰਕੁਨਾਂ ਨੂੰ ਮਾਰਨ ਦੀਆਂ ਸਾਜ਼ਿਸ਼ਾਂ ਪਿੱਛੇ ਲੁਟੇਰਿਆਂ ਦਾ ਹੱਥ ਹੈ ਤਾਂ ਜੋ ਧਿਆਨ ਹਟਾਇਆ ਜਾ ਸਕੇ ਕਿ ਇਹ ਆਦੇਸ਼ ਅਜੀਤ ਡੋਵਾਲ ਅਤੇ ਸਾਮੰਤ ਗੋਇਲ ਰਾਹੀਂ ਨਰਿੰਦਰ ਮੋਦੀ ਤੋਂ ਆਏ ਸਨ। ਸਿੱਖ ਫੈਡਰੇਸ਼ਨ ਯੂਕੇ ਦੇ ਪ੍ਰਮੁੱਖ

ਆਵਾਜ਼ਿ ਕੌਮ AWAZE QAUM International Newspaper & WEB TV

ਬੁਲਾਰੇ ਭਾਈ ਦੁਬਿੰਦਰਜੀਤ ਸਿੰਘ ਨੇ ਇਸ ਮਾਮਲੇ ਤੇ ਜਾਣਕਾਰੀ ਦੇਂਦਿਆਂ ਮੀਡੀਆ ਨੂੰ ਦਸਿਆ ਕਿ ਪਿਛਲੇ ਹਫ਼ਤੇ ਵਿਦੇਸ਼ੀ ਮਾਮਲਿਆਂ ਬਾਰੇ ਅਮਰੀਕੀ ਕਾਂਗਰਸ ਦੀ ਕਮੇਟੀ ਦੀ ਜਨਤਕ ਸੁਣਵਾਈ ਦੌਰਾਨ ਮਿਨੇਸੋਟਾ ਤੋਂ ਡੈਮੋਕਰੇਟ ਕਾਂਗਰਸਮੈਨ ਡੀਨ ਫਿਲਿਪਸ ਨੇ ਅਮਰੀਕੀ ਸਰਕਾਰੀ ਵਕੀਲਾਂ ਦੁਆਰਾ ਲਗਾਏ ਗਏ ਦੋਸ਼ਾਂ ਬਾਰੇ ਰਾਜ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਤੋਂ ਪੁੱਛਗਿੱਛ ਕੀਤੀ, ਇਹ ਪੁੱਛਿਆ ਕਿ ਕੀ ਵਿਭਾਗ ਨੇ ਭਾਰਤੀ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕੀਤਾ ਹੈ। ਦੱਖਣੀ ਅਤੇ ਮੱਧ ਏਸ਼ੀਆ ਲਈ ਅਮਰੀਕਾ ਦੇ ਸਹਾਇਕ ਵਿਦੇਸ਼ ਮੰਤਰੀ ਡੋਨਾਲਡ ਲੂ ਨੇ ਕਿਹਾ ਕਿ ਬਿਡੇਨ ਪ੍ਰਸ਼ਾਸਨ ਨੇ ਦੋਸ਼ਾਂ ਨੂੰ "ਅਵਿਸ਼ਵਾਸ਼ਯੋਗ ਤੌਰ 'ਤੇ ਗੰਭੀਰਤਾ ਨਾਲ ਲਿਆ ਹੈ ਅਤੇ ਇਸ ਨੂੰ ਭਾਰਤ ਨਾਲ ਉੱਚ ਪੱਧਰਾਂ 'ਤੇ ਉਠਾਇਆ ਹੈ।" ਲੂ ਨੇ ਜ਼ੋਰ ਦੇ ਕੇ ਕਿਹਾ,



"ਅਸੀਂ ਇਸ ਸਮੇਂ ਇਸ ਭਿਆਨਕ ਅਪਰਾਧ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਲਈ ਭਾਰਤ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਨਾਲ ਕੰਮ ਕਰ ਰਹੇ ਹਾਂ। ਇਹ ਨੋਟ ਕਰਦੇ ਹੋਏ ਕਿ ਭਾਰਤ ਨੇ ਇੱਕ ਜਾਂਚ ਕਮੇਟੀ ਦਾ ਐਲਾਨ ਕੀਤਾ ਹੈ, ਲੂ ਨੇ ਘੋਸ਼ਣਾ ਕੀਤੀ, "ਅਸੀਂ ਉਨ੍ਹਾਂ ਨੂੰ ਨਿਆਂ ਯਕੀਨੀ ਬਣਾਉਣ ਲਈ ਜਲਦੀ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਨ ਲਈ ਕਹਿੰਦੇ ਹਾਂ÷। ਇਹ ਜ਼ੋਰਦਾਰ ਢੰਗ ਨਾਲ ਸੁਝਾਅ ਦਿੰਦਾ ਹੈ ਕਿ ਭਾਰਤ ਨੇ ਕਮੇਟੀ ਦੀ ਜਾਂਚ ਦੇ ਕਿਸੇ ਵੀ ਨਤੀਜੇ ਨੂੰ ਨਹੀਂ ਦੱਸਿਆ ਹੈ ਜੋ ਅਮਰੀਕਾ ਦੁਆਰਾ ਸਵੀਕਾਰ ਕੀਤਾ ਗਿਆ ਹੈ। ਭਾਈ ਦੁਬਿੰਦਰਜੀਤ ਸਿੰਘ ਨੇ ਇਸ ਮਾਮਲੇ ਤੇ ਪੰਥ ਨੂੰ ਇਕ ਪਲੇਟਫਾਰਮ ਤੇ ਇਕੱਠੇਆਂ ਹੋ ਕੇ ਵਿਦੇਸ਼ਾਂ ਅੰਦਰ ਹੋ ਰਹੇ ਸਿੱਖਾਂ ਦੇ ਕਤਲਾਂ ਦੀ ਜਾਂਚ ਬਾਰੇ ਆਪੋ ਆਪਣੇ ਦੇਸ਼ਾਂ ਅੰਦਰ ਸਰਕਾਰਾਂ ਦੇ ਦਬਾਅ ਪਾਉਣ ਲਈ ਜ਼ੋਰ ਦਿੱਤਾ ਹੈ ਜਿਸ ਨਾਲ ਇਨ੍ਹਾਂ ਪਿੱਛੇ ਕਿਸਦਾ ਹੱਥ ਹੈ ਇਹ ਪਤਾ ਲੱਗ ਸਕੇ।

### ਸਿਆਸੀ ਸਥਿਰਤਾ ਦੇ ਫਲਸਰੂਪ ਭਾਰਤ ਵਿੱਚ ਆ ਰਹੇ ਨਿਵੇਸ਼ ਦਾ ਹਿੱਸਾ ਅੰਮ੍ਰਿਤਸਰ ਨੂੰ ਵੀ ਮਿਲਣਾ ਚਾਹੀਦਾ ਹੈ-ਤਰਨਜੀਤ ਸਿੰਘ ਸੰਧੂ

# ਅਸੀਂ ਆਪਣੇ ਅੰਮ੍ਰਿਤਸਰ ਅਤੇ ਪੰਜਾਬ ਨੂੰ ਖ਼ੁਸ਼ਹਾਲੀ ਅਤੇ ਬੁਲੰਦੀਆਂ 'ਤੇ ਲੈ ਕੇ ਜਾਣਾ ਹੈ






**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਦੇ ਸੀਨੀਅਰ ਆਗੂ ਸਾਬਕਾ ਰਾਜਦੂਤ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਭਾਰਤ ਪ੍ਰਤੀ ਵਿਸ਼ਵ ਲੀਡਰਸ਼ਿਪ ਦਾ ਨਜ਼ਰੀਆ ਬਦਲ ਚੁੱਕਾ ਹੈ, ਜੋ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਤੀਸ਼ੀਲ ਅਗਵਾਈ ਵਿਚ ਭਾਰਤ ਚ ਸਿਆਸੀ ਸਥਿਰਤਾ, ਮਜ਼ਬੂਤ ਲੀਡਰਸ਼ਿਪ ਅਤੇ ਆਬਾਦੀ 'ਚ ਨੌਜਵਾਨਾਂ ਦੀ ਹਿੱਸੇਦਾਰੀ ਨਾਲ ਸੰਭਵ ਹੋਇਆ ਹੈ। ਭਾਰਤ ਦੀ ਤਰੱਕੀ ਨੂੰ ਦੁਨੀਆ ਦੇ ਸਭ ਤੋਂ ਵਿਕਸਤ ਦੇਸ਼ ਅਮਰੀਕਾ ਨੇ ਵੀ ਮਾਨਤਾ ਦਿੱਤੀ ਹੈ, ਭਾਰਤ ਨੇ ਯਕੀਨੀ ਤੌਰ 'ਤੇ ਆਪਣੇ ਆਪ ਨੂੰ ਇੱਕ ਵਿਸ਼ਵ ਸ਼ਕਤੀ ਵਜੋਂ ਸਥਾਪਿਤ ਕੀਤਾ ਹੈ। ਇਹ ਤੈਅ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ।

### ਰੋਟਰੀ ਕਲੱਬ ਮਿਡਟਾਊਨ ਵੱਲੋਂ 'ਇੰਡੀਆ: ਐਨ ਐਮਰਜਿੰਗ ਸੁਪਰਪਾਵਰ' ਵਿਸ਼ੇ 'ਤੇ ਕਰਵਾਏ ਪ੍ਰੋਗਰਾਮ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ

ਸਰਦਾਰ ਤਰਨਜੀਤ ਸਿੰਘ ਸੰਧੂ ਰੋਟਰੀ ਕਲੱਬ ਅੰਮ੍ਰਿਤਸਰ ਮਿਡਟਾਊਨ ਵੱਲੋਂ ਐਸ.ਐਲ ਪਬਲਿਕ ਸਕੂਲ ਵਿਖੇ 'ਇੰਡੀਆ: ਐਨ ਐਮਰਜਿੰਗ ਸੁਪਰਪਾਵਰ' ਵਿਸ਼ੇ 'ਤੇ ਆਯੋਜਿਤ ਪ੍ਰੋਗਰਾਮ ਦੌਰਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਰੋਟਰੀ ਕਲੱਬ ਦੇ ਪ੍ਰਧਾਨ ਰਮਿੰਦਰ ਸਿੰਘ ਸੋਢੀ, ਸਕੱਤਰ ਅਸ਼ਵਨੀ ਮਲਹੋਤਰਾ ਅਤੇ ਸਾਰੇ ਮੈਂਬਰਾਂ ਦੀ ਸਮਾਜ ਪ੍ਰਤੀ ਸੇਵਾ ਭਾਵਨਾ ਦੀ ਸ਼ਲਾਘਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਰਦਾਰ ਸੰਧੂ ਨੇ ਕਿਹਾ ਕਿ ਹੁਣ ਸਮਾਂ ਪੱਛਮ ਤੋਂ ਪੂਰਬ ਵੱਲ ਆ ਰਿਹਾ ਹੈ। ਪਿਛਲੇ ਦਸ ਸਾਲਾਂ ਵਿੱਚ ਭਾਰਤ-ਅਮਰੀਕਾ ਸਬੰਧਾਂ ਨੇ ਇੱਕ ਮਜ਼ਬੂਤ ਭਾਈਵਾਲੀ ਦਾ ਰੂਪ ਧਾਰ ਲਿਆ ਹੈ। ਅਮਰੀਕਾ ਵਿੱਚ ਭਾਰਤੀ ਡਾਇਸਪੋਰਾ ਦਾ ਹਰ ਖੇਤਰ ਵਿੱਚ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਯੋਗਦਾਨ ਹੋਰ ਵੀ ਮਹੱਤਵਪੂਰਨ ਹੈ। ਅੱਜ ਪੁਲਾੜ, ਸਿਹਤ ਸੇਵਾਵਾਂ, ਟੈਕਨਾਲੋਜੀ ਤੋਂ ਲੈ ਕੇ ਵਪਾਰ ਤੱਕ ਵਿਚ ਭਾਰਤੀਆਂ ਦਾ ਦਬਦਬਾ ਹੈ। ਸਿਆਸੀ ਸਥਿਰਤਾ ਦੇ ਫਲਸਰੂਪ ਅਮਰੀਕਾ ਸਮੇਤ ਹੋਰ ਅਨੇਕਾਂ ਦੇਸ਼ ਭਾਰਤ ਵਿਚ ਨਿਵੇਸ਼ ਕਰ ਰਹੇ ਹਨ। ਅਜਿਹੇ ਸਮੇਂ ਵਿੱਚ ਇਹ ਨਿਵੇਸ਼ ਅੰਮ੍ਰਿਤਸਰ ਪੰਜਾਬ ਵੀ ਆਉਣਾ ਚਾਹੀਦਾ ਹੈ। ਕਿਉਂਕਿ ਅਸੀਂ ਆਪਣੇ ਅੰਮ੍ਰਿਤਸਰ ਅਤੇ ਪੰਜਾਬ ਨੂੰ ਵੀ ਖ਼ੁਸ਼ਹਾਲ ਅਤੇ ਬੁਲੰਦੀਆਂ 'ਤੇ ਲੈ ਕੇ ਜਾਣਾ ਚਾਹੁੰਦੇ ਹਾਂ। ਪੰਜਾਬੀ ਨੌਜਵਾਨਾਂ ਵਿੱਚ ਸਮਰੱਥਾ ਹੈ, ਉਨ੍ਹਾਂ ਦੀ ਸੋਚ ਬਦਲਣ ਅਤੇ ਉਨ੍ਹਾਂ ਨੂੰ ਸੇਧ ਦੇਣ ਦੀ ਲੋੜ ਹੈ। ਅੰਮ੍ਰਿਤਸਰ ਦੇ ਕਾਟੇਜ ਇੰਡਸਟਰੀਜ਼, ਖੇਤੀਬਾੜੀ ਉਪਜ, ਦਸਤਕਾਰੀ, ਰਸੋਈ ਆਦਿ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦੇ ਕੇ ਵਿਸ਼ਵ ਸਪਲਾਈ ਲੜੀ ਦਾ ਹਿੱਸਾ ਬਣਾਉਣ ਦੀ ਲੋੜ ਹੈ। ਅੰਮ੍ਰਿਤਸਰ ਦੇ ਰਾਜਾਸਾਂਸੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕਾਰਗੋ ਸਹੂਲਤ ਦੀ ਪੂਰੀ ਵਰਤੋਂ ਕਰਨੀ ਪਵੇਗੀ। ਅਮਰੀਕਾ ਵਿਚ ਹਵਾਈ ਜਹਾਜ਼ਾਂ ਦਾ ਬਾਲਣ ਅਤੇ ਸੜਕਾਂ ਬਣਾਉਣ ਲਈ ਪਰਾਲੀ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਉਸ ਅਮਰੀਕੀ ਕੰਪਨੀ ਦਾ ਸੀਈਓ ਪੰਜਾਬੀ ਹੈ। ਡਾ: ਚੰਦ, ਡਾ: ਰਤਨ ਲਾਲ, ਨਿੱਕੀ ਹੈਰੀ ਦੇ ਪਿਤਾ, ਇਹ ਸਾਰੇ ਪੰਜਾਬ ਐਗਰੀਕਲਚਰਲ ਸਕੂਲ ਦੇ ਸਾਬਕਾ ਵਿਦਿਆਰਥੀ ਹਨ। ਪੰਜਾਬ ਦੀ ਖੇਤੀ ਅਧਾਰਿਤ ਆਰਥਿਕਤਾ ਵਿੱਚ ਯੋਗਦਾਨ ਪਾਉਣ ਲਈ ਉਤਸੁਕ। ਅੱਜ ਉਹ ਸਮਾਂ ਆ ਗਿਆ ਹੈ ਜਦੋਂ ਭਾਰਤੀ ਵਿਦੇਸ਼ਾਂ ਤੋਂ ਆਪਣੀ ਮਾਤ ਭੂਮੀ ਨੂੰ ਪਰਤਣਗੇ। ਸਾਨੂੰ ਆਪਣੀ ਸਿੱਖਿਆ ਵਿੱਚ ਹੁਨਰ ਨੂੰ ਪਹਿਲ ਦੇਣੀ ਹੋਵੇਗੀ। ਨੌਜਵਾਨਾਂ ਨੂੰ ਸੁਚੇਤ ਕਰਨ ਦੀ ਲੋੜ ਹੈ ਕਿ ਬਾਹਰ ਜਾਣ ਦੀ ਇਹ ਕਾਹਲੀ ਜਲਦੀ ਖ਼ਤਮ ਹੋਣ ਵਾਲੀ ਹੈ। ਕਿਉਂਕਿ ਭਾਰਤੀ ਅਰਥਵਿਵਸਥਾ ਇੱਕ ਬੇਮਿਸਾਲ ਅਤੇ ਕ੍ਰਾਂਤੀਕਾਰੀ ਸਕਾਰਾਤਮਿਕ ਪੜਾਅ ਵਿੱਚ ਹੈ। ਸਿਰਫ਼ ਮਜ਼ਬੂਤ ਲੀਡਰਸ਼ਿਪ, ਦ੍ਰਿੜ੍ਹ ਇਰਾਦੇ, ਜਾਗਰੂਕਤਾ ਅਤੇ ਸਿੱਖਿਆ ਵਿਚ ਵਕਤ ਅਨੁਸਾਰ ਤਬਦੀਲੀ ਦੀ ਲੋੜ ਹੈ।

# ਭਾਕਿਯੂ ਉਗਰਾਹਾਂ ਵੱਲੋਂ ਕਿਸਾਨਾਂ ਦੀਆਂ ਲਟਕਦੀਆਂ ਮੰਗਾਂ ਸਬੰਧੀ ਖੇਤੀਬਾੜੀ ਮੰਤਰੀ ਨੂੰ ਦਿੱਤਾ ਮੰਗ ਪੱਤਰ





ਤਲਵੰਡੀ ਸਾਬੋ, 26 ਮਾਰਚ (ਗੁਰਜੰਟ ਸਿੰਘ ਨਥੇਹਾ)- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਵੱਲੋਂ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦੀ ਅਗਵਾਈ ਵਿੱਚ ਖੇਤੀਬਾੜੀ ਮੰਤਰੀ ਪੰਜਾਬ ਸਰਕਾਰ ਅਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਪਿਛਲੇ ਲੰਬੇ ਸਮੇਂ ਤੋਂ

ਆਵਾਜ਼ਿ ਕੌਮ AWAZE QAUM International Newspaper & WEB TV

ਲਟਕ ਰਹੀਆਂ ਮੰਗਾਂ ਸਬੰਧੀ ਮੰਗ ਪੱਤਰ ਦੇ ਕੇ ਇਹਨਾਂ ਮੰਗਾਂ ਨੂੰ ਤੁਰੰਤ ਹੱਲ ਕਰਾਉਣ ਦੀ ਮੰਗ ਕੀਤੀ। ਇਸ ਸਬੰਧੀ ਮੰਤਰੀ ਨੇ ਮੰਗਾਂ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਜਿਲਾ ਆਗੂਆਂ ਨੇ ਕਿਹਾ ਕਿ ਜੇਕਰ ਫਿਰ ਵੀ ਮਸਲਾ ਹੱਲ ਨਾ ਕੀਤਾ ਤਾਂ ਆਉਂਦੇ ਦਿਨਾਂ ਵਿੱਚ ਪੰਜਾਬ ਸਰਕਾਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਡੀਐਸਪੀ ਤਲਵੰਡੀ ਸਾਬੋ ਨੇ ਗੈਸ ਪਾਈਪ ਲਾਈਨ ਸੰਬੰਧਤ ਦੋਨਾਂ ਵਿਧਾਇਕਾਂ ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ ਅਤੇ ਮੌੜ ਤੋਂ ਸੁਖਬੀਰ ਸਿੰਘ ਮਾਈਸਰਖਾਨਾ ਦਾ ਕਿਸਾਨਾਂ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ। ਅੱਜ ਦੀ ਮੀਟਿੰਗ ਵਿੱਚ ਜਗਦੇਵ ਸਿੰਘ ਜੋਗੇਵਾਲਾ, ਜਸਵੀਰ ਸਿੰਘ ਬੁਰਜ ਸੇਮਾ, ਹਰਪ੍ਰੀਤ ਸਿੰਘ ਚੱਠੇਵਾਲਾ, ਗੁਰਮੇਲ ਸਿੰਘ ਰਾਮਗੜ੍ਹ ਭੂੰਦੜ, ਗਰਜੀਤ ਸਿੰਘ ਬੰਗੇਹਰ ਆਦਿ ਸ਼ਾਮਿਲ ਸਨ।

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

### ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

### ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ 'ਰਬਾਬੀ ਪਰੰਪਰਾ ਦਾ ਗੁਰਮਤਿ ਸੰਗੀਤ ਵਿੱਚ ਯੋਗਦਾਨ' ਵਿਸ਼ੇ 'ਤੇ

# ਅੰਤਰ-ਰਾਸ਼ਟਰੀ ਸੈਮੀਨਾਰ ਆਯੋਜਿਤ



**ਤਲਵੰਡੀ ਸਾਬੋ, 26 ਮਾਰਚ (ਗੁਰਜੰਟ ਸਿੰਘ ਨਥੇਹਾ)**-ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਵਿਖੇ ਫੈਕਲਟੀ ਆਫ਼ ਹਿਉਮੈਨਟੀਜ਼ ਐਂਡ ਲੈਂਗੁਏਜ਼ਜ਼ ਦੇ ਭਾਈ ਮਰਦਾਨਾ ਜੀ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਵੱਲੋਂ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਦੀ ਪ੍ਰੇਰਣਾ ਸਦਕਾ ਤੇ ਉਪ ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਦੀ ਪ੍ਰਧਾਨਗੀ ਹੇਠ "ਰਬਾਬੀ ਪਰੰਪਰਾ ਦਾ ਗੁਰਮਤਿ ਸੰਗੀਤ ਵਿੱਚ ਯੋਗਦਾਨ" ਵਿਸ਼ੇ 'ਤੇ ਅੰਤਰ-ਰਾਸ਼ਟਰੀ ਸੈਮੀਨਾਰ ਆਯੋਜਿਤ ਕੀਤਾ ਗਿਆ। ਡਾ. ਬਾਵਾ ਨੇ ਕਿਹਾ ਕਿ ਮਾਹਿਰਾਂ ਦੀ ਸਲਾਹ ਅਨੁਸਾਰ ਜੀ.ਕੇ.ਯੂ. ਇਸ ਖੇਤਰ ਵਿੱਚ ਵੱਖ-ਵੱਖ ਖੋਜਾਰਥੀਆਂ ਅਤੇ ਵਿਦਵਾਨਾਂ ਵੱਲੋਂ ਕੀਤੇ ਗਏ ਖੋਜ ਕਾਰਜਾਂ ਨੂੰ ਸੰਕਲਿਤ ਕਰਕੇ ਪ੍ਰਕਾਸ਼ਿਤ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ 'ਵਰਸਿਟੀ ਵੱਲੋਂ ਗੁਰਮਤਿ ਸੰਗੀਤ ਦੇ ਸਰਟੀਫਿਕੇਟ ਕੋਰਸ, ਡਿਪਲੋਮਾ ਕੋਰਸ ਅਤੇ ਪੀ.ਐਚ.ਡੀ. ਕੋਰਸ ਸ਼ੁਰੂ ਕੀਤੇ ਜਾ ਚੁੱਕੇ ਹਨ ਅਤੇ ਅਗਲੇ ਸੈਸ਼ਨ ਤੋਂ ਡਿਗਰੀ ਕੋਰਸ ਸ਼ੁਰੂ ਕੀਤੇ ਜਾਣਗੇ। ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਅਤੇ ਰਬਾਬ ਵਾਦਨ ਲਈ ਪ੍ਰੋਤਸਾਹਿਤ ਕਰਨ ਲਈ ਵਰਕਸ਼ਾਪ ਅਤੇ ਪ੍ਰੋਯਗਸ਼ਾਲਾਵਾਂ ਸਥਾਪਿਤ ਕਰੇਗੀ। ਉਨ੍ਹਾਂ ਸੈਮੀਨਾਰ ਦੇ ਆਯੋਜਨ ਲਈ ਸਭਨਾਂ ਨੂੰ ਵਧਾਈ ਦਿੱਤੀ। ਮੁੱਖ ਬੁਲਾਰੇ ਡਾ. ਗੁਰਨਾਮ ਸਿੰਘ ਨੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਭਾਈ ਮਰਦਾਨਾ ਜੀ ਨੇ ਗੁਰੂਆਂ ਦੀ ਬਾਣੀ ਨੂੰ ਲੋਕ ਪਰੰਪਰਾ ਅਤੇ ਗਾਇਨ ਰਾਹੀਂ ਘਰ-ਘਰ ਵਿੱਚ ਪਹੁੰਚਾਇਆ ਹੈ। ਉਨ੍ਹਾਂ ਦੱਸਿਆ ਕਿ ਭਾਈ ਮਰਦਾਨਾ ਵੱਲੋਂ ਬਾਬੇ ਨਾਨਕ ਦੀ ਬਾਣੀ ਨੂੰ ਸੰਬੰਧਿਤ ਰਾਗਾਂ ਵਿੱਚ ਗਾ ਕੇ ਗੁਰਮਤਿ ਵਿੱਚ ਪਾਏ ਗਏ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ। ਉਨ੍ਹਾਂ ਖੋਜਾਰਥੀਆਂ ਅਤੇ ਵਿਦਵਾਨਾਂ ਨੂੰ ਲਹਿੰਦੇ ਪੰਜਾਬ ਦੇ ਰਬਾਬੀਆਂ ਦੀ ਸੰਗੀਤ ਕਲਾ ਨੂੰ ਮੁੜ ਸੁਰਜੀਤ ਕਰਨ ਲਈ ਸਹਿਯੋਗ ਦੀ ਅਪੀਲ ਵੀ ਕੀਤੀ। ਗੁਰਮਤਿ ਸੰਗੀਤ ਤੇ ਮਹਾਨ ਵਿਦਵਾਨ ਡਾ. ਜਾਗੀਰ ਸਿੰਘ ਨੇ ਆਨ-ਲਾਈਨ ਸੰਦੇਸ਼ ਵਿੱਚ ਦੱਸਿਆ ਕਿ ਪਹਿਲੇ ਗੁਰੂ ਨੇ ਜਿਨ੍ਹਾਂ ਰਾਗਾਂ ਵਿੱਚ ਬਾਣੀ ਨੂੰ ਸਿਰਜਿਆ ਭਾਈ ਮਰਦਾਨਾ ਜੀ ਨੇ ਉਸਨੂੰ ਉਨ੍ਹਾਂ ਰਾਗਾਂ ਵਿੱਚ ਹੀ ਬਾਖੂਬੀ ਗਾਇਆ। ਵਿਸ਼ੇਸ਼ ਮਹਿਮਾਨ ਤੇ ਵਿਸ਼ੇਸ਼ ਵਕਤਾ ਡਾ. ਅਲੰਕਾਰ ਸਿੰਘ ਨੇ ਰਬਾਬ ਦੇ ਇਤਿਹਾਸ ਦੀ ਗੱਲ ਕਰਦਿਆਂ ਉਸ ਵਿੱਚ ਆ ਰਹੇ ਬਦਲਾਵਾਂ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਰਬਾਬ ਸੰਗੀਤ ਆਪਣੇ ਆਪ ਵਿੱਚ ਬਹੁਤ ਵੱਡਾ ਪਰਿਵਾਰ ਹੈ। ਇਸ ਲਈ ਸਾਨੂੰ ਵੱਡੇ ਦਿਲ ਨਾਲ ਪਾਕਿਸਤਾਨ ਤੋਂ ਹਿਜ਼ਰਤ ਕਰਕੇ ਆਏ ਰਬਾਬਿਆਂ ਨੂੰ ਸੰਭਾਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਰਬਾਬ ਨੂੰ ਤਿਆਰ ਕਰਨ ਅਤੇ ਠੀਕ ਕਰਨ ਵਾਲੇ ਸੰਜੀਦਿਆਂ ਅਤੇ ਕਾਰੀਗਰਾਂ ਦੀ ਦੇਖ ਭਾਲ :ਤੇ ਵੀ ਜ਼ੋਰ ਦਿੱਤਾ। ਸੈਮੀਨਾਰ ਵਿੱਚ ਪ੍ਰਿੰਸੀਪਲ ਸੁਖਵੰਤ ਸਿੰਘ, ਅਮਰੀਕਾ ਤੋਂ ਆਏ ਖੋਜਾਰਥੀ ਡਾ. ਲੀਨਾ ਸਿੰਘ, ਡਾ. ਰੀਨਾ ਅਤੇ ਲਗਭਗ 30 ਖੋਜਾਰਥੀਆਂ ਵੱਲੋਂ ਖੋਜ ਪੱਤਰ ਪੜ੍ਹੇ ਗਏ ਅਤੇ ਜਮ੍ਹਾਂ ਕਰਵਾਏ ਗਏ। ਸੈਮੀਨਾਰ ਵਿੱਚ ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਡੀਨ, ਡਾ. ਬੇਅੰਤ ਕੌਰ ਨੇ ਸਭਨਾਂ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਸਾਬਕਾ ਰਾਜਦੂਤ ਅਤੇ ਭਾਜਪਾ ਆਗੂ ਤਰਨਜੀਤ ਸਿੰਘ ਸੰਧੂ ਨੇ

# ਹੋਲਾ ਮਹੱਲਾ ਵਾਲੇ ਦਿਨ ਗੁਰਦੁਆਰਾ ਬੋਹੜੀ ਸਾਹਿਬ ਕੋਟ ਖ਼ਾਲਸਾ ਵਿਖੇ ਮੱਥਾ ਟੇਕਿਆ







**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਰਾਜਦੂਤ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤਰਨਜੀਤ ਸਿੰਘ ਸੰਧੂ ਨੇ ਹੋਲੇ ਮਹੱਲੇ ਦੇ ਦਿਹਾੜੇ ਤੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਬੋਹੜੀ ਸਾਹਿਬ ,ਕੋਟ ਖ਼ਾਲਸਾ, ਵਿਖੇ ਮੱਥਾ ਟੇਕਿਆ ਅਤੇ ਧਾਰਮਿਕ ਦੀਵਾਨ ਵਿਚ ਹਾਜ਼ਰੀ ਲਵਾਈ। ਜਿੱਥੇ ਉਹਨਾਂ ਢਾਡੀ ਜਥੇ ਤੋਂ ਗੁਰ ਇਤਿਹਾਸ ਦੀਆਂ ਵਾਰਾਂ ਸਰਵਣ ਕੀਤੀਆਂ। ਇਸ ਮੌਕੇ ਸਰਦਾਰ ਤਰਨਜੀਤ ਸਿੰਘ ਸੰਧੂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਿਵੰਦਰ ਸਿੰਘ ਛਿੰਦਾ, ਜਨਰਲ ਸਕੱਤਰ ਕੁਲਵੰਤ ਸਿੰਘ ਸਰਕਾਰੀਆ, ਪਰਮਿੰਦਰ ਸੰਧੂ, ਦਵਿੰਦਰ ਸਿੰਘ ਸੰਧੂ, ਮੇਜਰ ਸਿੰਘ ਸਰਕਾਰੀਆ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਦਾਰ ਭੁਪਿੰਦਰ ਸਿੰਘ ਰੰਧਾਵਾ ਅਤੇ ਸਟੇਜ ਸੈਕਟਰੀ ਪਰਮਿੰਦਰ ਸਿੰਘ ਸੰਧੂ ਨੇ ਕਿਹਾ ਕੇ ਸਰਦਾਰ ਤਰਨਜੀਤ ਸਿੰਘ ਸੰਧੂ ਉਹ ਪਰਿਵਾਰ ਨਾਲ ਸਬੰਧ ਹਨ ਜਿਨ੍ਹਾਂ ਦੇ ਦਾਦਾ ਸਰਦਾਰ ਤੇਜਾ ਸਿੰਘ ਸਮੁੰਦਰੀ ਨੇ ਗੁਰਦੁਆਰਾ ਸੁਧਾਰ ਲਹਿਰ ਦੀ ਅਗਵਾਈ ਕਰਦਿਆਂ ਲਾਹੌਰ ਜੇਲ੍ਹ ਵਿਖੇ ਸ਼ਹਾਦਤ ਦਿੱਤੀ। ਉਹਨਾਂ ਕਹਾ ਕਿ ਸਰਦਾਰ ਸੰਧੂ ਦੇ ਪਿਤਾ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਇਸੇ ਖੇਤਰ ਚ ਸਥਾਪਿਤ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ ਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰਥਮ ਵਾਈਸ ਚਾਂਸਲਰ ਬਣ ਕੇ ਸਿੱਖਿਆ ਦੇ ਖੇਤਰ ਰਹੀ ਸਿੱਖ ਕੌਮ ਦੀ ਸੇਵਾ ਕੀਤੀ। ਉਹਨਾਂ ਕਹਾ ਕੇ ਸਰਦਾਰ ਤਰਨਜੀਤ ਸਿੰਘ ਸੰਧੂ ਨੇ 36 ਸਾਲ ਦੀ ਭਾਰਤੀ ਵਿਦੇਸ਼ ਸੇਵਾ ਦੌਰਾਨ ਅਮਰੀਕਾ ਵਰਗੇ ਦੇਸ਼ ਵਿਚ ਸਿੱਖੀ ਦੀ ਦਸਤਾਰ ਦੀ ਸ਼ਾਨ ਨੂੰ ਬੁਲੰਦ ਕਰਨ ਦਾ ਮਾਣ ਹਾਸਲ ਕੀਤਾ। ਹੁਣ ਉਹ ਅੰਮ੍ਰਿਤਸਰ ਦੇ ਵਿਕਾਸ ਅਤੇ ਇੱਥੋਂ ਦੇ ਲੋਕਾਂ ਦੀ ਸੇਵਾ ਨੂੰ ਸਮਰਪਿਤ ਹਨ। ਗੁਰੂ ਨਗਰੀ ਦਾ ਵਿਕਾਸ ਹੀ ਉਹਨਾਂ ਦਾ ਪ੍ਰਮੁੱਖ ਮਨੋਰਥ ਹੈ।

**ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਦਾਰ ਤਰਨਜੀਤ ਸਿੰਘ ਸੰਧੂ ਨੂੰ ਗੁਰੂ ਘਰ ਕੇ ਬਖਸ਼ਿਸ਼ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ**

# ਦੇਸ਼ ਵਿਦੇਸ਼ ਅੰਦਰ ਸਿੱਖਾਂ ਦੀ ਜਾਨ ਨੂੰ ਖਤਰਾ ਦੇਖਦਿਆਂ ਚੋਣਾਂ ਦੌਰਾਨ ਸਿੱਖ ਉਮੀਦਵਾਰ ਨੂੰ ਹਥਿਆਰ ਰੱਖਣ ਦੀ ਦਿੱਤੀ ਜਾਵੇ ਛੋਟ : ਮਾਨ



**ਨਵੀਂ ਦਿੱਲੀ, 26 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- "ਜੋ ਇੰਡੀਆਂ ਦੀ ਹਕੂਮਤ ਨੇ ਆਪਣੀਆ ਖੁਫੀਆ ਏਜੰਸੀਆਂ ਆਈ.ਬੀ, ਰਾਅ, ਮਿਲਟਰੀ ਇੰਨਟੈਲੀਜੈਸ, ਕੌਮੀ ਸੁਰੱਖਿਆ ਸਲਾਹਕਾਰ ਦੀ ਸਾਂਝੀ ਸੋਚੀ ਸਮਝੀ ਸਾਜਿਸ ਅਧੀਨ ਕੈਨੇਡਾ, ਬਰਤਾਨੀਆ, ਪਾਕਿਸਤਾਨ, ਇੰਡੀਆ, ਪੰਜਾਬ, ਹਰਿਆਣਾ ਵਿਚ ਬਾਹਰਲੇ ਮੁਲਕਾਂ ਦੇ ਸਿੱਖ ਨਾਗਰਿਕਾਂ ਨੂੰ 'ਨਾਮਜਦ ਅੱਤਵਾਦੀ' ਐਲਾਨ ਦਿੱਤੇ ਹਨ ਅਤੇ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ ਗਿਆ ਹੈ, ਤਾਂ ਇਹ ਬਦਨਾਮਨੁਮਾ ਨਾਮਜਦ ਅੱਤਵਾਦੀ ਨਾਮ ਸਿਰਕੱਢ ਸਿੱਖਾਂ ਨੂੰ ਵੀ ਸੰਸਾਰ ਪੱਧਰ ਤੇ ਬਦਨਾਮ ਕਰਨ ਵਾਲਾ ਅਤੇ ਹੁਕਮਰਾਨਾਂ ਵੱਲੋ ਮੰਦਭਾਵਨਾ ਅਧੀਨ ਨਿਸਾਨਾਂ ਬਣਾਉਣ ਵਾਲਾ ਹੈ । ਜਦੋ ਹੁਣ ਇੰਡੀਆ ਵਿਚ ਪਾਰਲੀਮੈਂਟ ਚੋਣਾਂ ਦਾ ਦੌਰ ਸੁਰੂ ਹੋ ਚੁੱਕਾ ਹੈ ਅਤੇ ਚੋਣਾਂ ਵਿਚ ਖੜਨ ਵਾਲੇ ਮੇਰੇ ਵਰਗੇ ਸਿੱਖਾਂ ਦੀ ਨਿੱਜੀ ਸੁਰੱਖਿਆ ਲਈ ਹੋਰ ਵੀ ਵੱਡਾ ਖਤਰਾ ਬਣ ਗਿਆ ਹੈ ਤਾਂ ਉਨ੍ਹਾਂ ਦੀਆਂ ਜਿੰਦਗਾਨੀਆਂ ਨੂੰ ਹਰ ਪੱਖੋ ਸੁਰੱਖਿਅਤ ਕਰਨ ਲਈ ਨਿੱਜੀ ਸੁਰੱਖਿਆ ਰੱਖਣ ਅਤੇ ਹਥਿਆਰ ਰੱਖਣ ਦੀ ਕਾਨੂੰਨੀ ਇਜਾਜਤ ਹੋਣੀ ਚਾਹੀਦੀ ਹੈ । ਅਜਿਹੇ ਸਮੇ ਸਾਡੇ ਵਰਗੇ ਸਿੱਖਾਂ ਦੇ ਨਿੱਜੀ ਹਥਿਆਰਾਂ ਨੂੰ ਜਮ੍ਹਾ ਕਰਵਾਉਣ ਦੇ ਹੁਕਮ ਕਰਨਾ ਤਾਂ ਤਾਨਾਸਾਹੀ ਅਤੇ ਮਨੁੱਖਤਾ ਵਿਰੋਧੀ ਅਮਲ ਹਨ । ਜਦੋਕਿ ਹਾਲਾਤਾਂ ਨੂੰ ਮੱਦੇਨਜਰ ਰੱਖਦੇ ਹੋਏ ਲੋਕ ਸਭਾ ਚੋਣਾਂ ਲਈ ਖੜੇ ਹੋਣ ਵਾਲੇ ਮੇਰੇ ਵਰਗੇ ਸਿੱਖ ਉਮੀਦਵਾਰਾਂ ਨੂੰ ਆਪਣੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿੱਜੀ ਹਥਿਆਰ ਨਾਲ ਰੱਖਣ ਤੇ ਸੁਰੱਖਿਆ ਨੂੰ ਮਜਬੂਤ ਕਰਨ ਦੀ ਇੰਡੀਆ ਦੇ ਗ੍ਰਹਿ ਵਜੀਰ, ਚੋਣ ਕਮਿਸਨ ਅਤੇ ਮੁੱਖ ਮੰਤਰੀ ਪੰਜਾਬ ਵੱਲੋ ਪ੍ਰਵਾਨਗੀ ਹੋਣੀ ਅਤਿ ਜਰੂਰੀ ਹੈ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਪਾਰਟੀ ਮੁੱਖ ਦਫਤਰ ਤੋ ਇਸ ਗੰਭੀਰ ਵਿਸੇ ਉਤੇ ਇੰਡੀਆ ਦੇ ਗ੍ਰਹਿ ਵਜੀਰ ਸ੍ਰੀ ਅਮਿਤ ਸ਼ਾਹ, ਮੁੱਖ ਚੋਣ ਕਮਿਸਨ ਸ੍ਰੀ ਰਾਜੀਵ ਕੁਮਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਵੱਖੋ ਵੱਖਰੇ ਤੌਰ ਤੇ ਲਿਖੇ ਗਏ ਪੱਤਰਾਂ ਵਿਚ ਬਾਦਲੀਲ ਢੰਗ ਨਾਲ ਆਪਣੇ ਨਿੱਜੀ ਹਥਿਆਰ ਤੇ ਸੁਰੱਖਿਆ ਗਾਰਡ ਰੱਖਣ ਦੀ ਖੁੱਲ੍ਹ ਪ੍ਰਦਾਨ ਕਰਨ ਦੀ ਗੱਲ ਕਰਦੇ ਹੋਏ ਨਾ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾ ਕੇ ਉਨ੍ਹਾਂ ਦੇ ਹਥਿਆਰ ਜ਼ਬਰੀ ਜਮ੍ਹਾ ਕਰਨ ਦੇ ਹੁਕਮਾਂ ਨੂੰ ਗੈਰ ਕਾਨੂੰਨੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਇਕ ਪਾਸੇ ਸੈਟਰ ਦੀ ਮੋਜੂਦਾ ਬੀਜੇਪੀ-ਆਰ.ਐਸ.ਐਸ ਸਰਕਾਰ ਕੌਮਾਂਤਰੀ ਪੱਧਰ ਤੇ ਸਿੱਖ ਕੌਮ ਨੂੰ ਨਿਸਾਨਾਂ ਬਣਾਉਦੇ ਹੋਏ ਉਨ੍ਹਾਂ ਨੂੰ 'ਨਾਮਜਦ ਅੱਤਵਾਦੀ' ਐਲਾਨਕੇ ਉਨ੍ਹਾਂ ਦੇ ਸਾਜਸੀ ਢੰਗਾਂ ਰਾਹੀ ਕਤਲ ਕਰਵਾਉਣ ਦੇ ਅਮਲ ਕਰਦੀ ਹੈ । ਦੂਸਰੇ ਪਾਸੇ ਇੰਡੀਆਂ ਵਿਚ ਵੱਸਣ ਵਾਲੇ ਮੇਰੇ ਵਰਗੇ ਸਿੱਖਾਂ ਦੀ ਨਿੱਜੀ ਸੁਰੱਖਿਆ ਨੂੰ ਖਤਰੇ ਵਿਚ ਪਾ ਕੇ ਉਨ੍ਹਾਂ ਦੇ ਨਿੱਜੀ ਹਥਿਆਰਾਂ ਨੂੰ ਜਮ੍ਹਾ ਕਰਨ ਅਤੇ ਉਨ੍ਹਾਂ ਦੀਆਂ ਜਿੰਦਗਾਨੀਆ ਨਾਲ ਖਿਲਵਾੜ ਕਰਨ ਦੀਆਂ ਦੁੱਖਦਾਇਕ ਕਾਰਵਾਈਆ ਕਰ ਰਹੀ ਹੈ । ਜਦੋਕਿ ਇੰਡੀਅਨ ਵਿਧਾਨ ਇੰਡੀਆਂ ਦੇ ਸਭ ਨਾਗਰਿਕਾਂ ਨੂੰ ਭਾਵੇ ਉਹ ਕਿਸੇ ਵੀ ਧਰਮ, ਕੌਮ, ਕਬੀਲੇ, ਵਰਗ ਨਾਲ ਕਿਉਂ ਨਾ ਸੰਬੰਧਤ ਹੋਣ ਉਨ੍ਹਾਂ ਸਭਨਾਂ ਨੂੰ ਕਾਨੂੰਨ ਅਨੁਸਾਰ ਬਰਾਬਰਤਾ ਦੇ ਹੱਕ ਅਧਿਕਾਰ ਪ੍ਰਦਾਨ ਕਰਨ ਦੇ ਨਾਲ-ਨਾਲ ਬਿਨ੍ਹਾਂ ਕਿਸੇ ਡਰ ਭੈ ਤੋ ਇੰਡੀਆ ਦੇ ਕਿਸੇ ਵੀ ਹਿੱਸੇ ਵਿਚ ਵਿਚਰਣ ਅਤੇ ਆਪਣੀ ਹਿਫਾਜਤ ਕਾਨੂੰਨੀ ਢੰਗਾਂ ਰਾਹੀ ਕਰਨ ਦੀ ਇਜਾਜਤ ਦਿੰਦੀ ਹੈ । ਪਰ ਜੋ ਚੋਣ ਕਮਿਸਨ ਇੰਡੀਆ, ਗ੍ਰਹਿ ਵਜੀਰ ਇੰਡੀਆ ਜਾਂ ਪੰਜਾਬ ਸਰਕਾਰ ਵੱਲੋ, ਪਾਰਲੀਮੈਟ ਚੋਣਾਂ ਵਿਚ ਖੜ੍ਹੇ ਹੋਣ ਵਾਲੇ ਸਿੱਖ ਉਮੀਦਵਾਰਾਂ ਤੋ ਵੀ ਉਨ੍ਹਾਂ ਦੇ ਨਿੱਜੀ ਹਥਿਆਰ ਜਮ੍ਹਾ ਕਰਵਾਉਣ ਦੇ ਜ਼ਬਰੀ ਅਮਲ ਕੀਤੇ ਜਾ ਰਹੇ ਹਨ । ਇਹ ਤਾਂ ਉਨ੍ਹਾਂ ਦੀਆਂ ਜਿੰਦਗਾਨੀਆ ਨੂੰ ਸਰਕਾਰ ਖੁਦ ਉਸੇ ਤਰ੍ਹਾਂ ਖਤਰੇ ਵਿਚ ਪਾਉਣ ਦੀ ਕਾਰਵਾਈ ਕਰ ਰਹੀ ਹੈ ਜਿਵੇ ਸ. ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਨੂੰ ਉਸ ਸਮੇ ਘਟਾਇਆ ਗਿਆ । ਜਦੋ ਉਸਨੂੰ ਹੋਰ ਵਧੇਰੇ ਮਜਬੂਤ ਸੁਰੱਖਿਆ ਦੀ ਲੋੜ ਸੀ । ਦੂਸਰਾ ਉਸਦੀ ਸੁਰੱਖਿਆ ਘਟਾਉਣ ਦਾ ਪ੍ਰਚਾਰ ਕਰਕੇ ਗੈਰ ਕਾਨੂੰਨੀ ਕਤਲ ਕਰਨ ਵਾਲਿਆ ਨੂੰ ਫਰੀਹੈਂਡ ਦਿੱਤਾ ਗਿਆ । ਜੇਕਰ ਸਰਕਾਰ, ਗ੍ਰਹਿ ਵਿਭਾਗ ਇੰਡੀਆਂ, ਚੋਣ ਕਮਿਸਨ ਇੰਡੀਆਂ ਅਤੇ ਪੰਜਾਬ ਸਰਕਾਰ ਨੇ ਇਸ ਗੰਭੀਰ ਵਿਸੇ ਉਤੇ ਲੋਕ ਸਭਾ ਵਿਚ ਖੜ੍ਹਨ ਵਾਲੇ ਸਿੱਖ ਉਮੀਦਵਾਰਾਂ ਦੀ ਸੁਰੱਖਿਆ ਨੂੰ ਮੱਦੇਨਜਰ ਰੱਖਦੇ ਹੋਏ, ਨਿੱਜੀ ਹਥਿਆਰ ਰੱਖਣ ਦੀ ਇਜਾਜਤ ਨਾ ਦਿੱਤੀ ਤਾਂ ਇਸਦੇ ਕਿਸੇ ਦੇ ਵੀ ਹੋਣ ਵਾਲੇ ਜਾਨੀ ਨੁਕਸਾਨ ਲਈ ਇਹ ਉਪਰੋਕਤ ਸਭ ਉੱਚ ਅਹੁਦਿਆ ਉਤੇ ਬੈਠੇ ਸਿਆਸਤਦਾਨ ਜਿੰਮੇਵਾਰ ਹੋਣਗੇ । ਇਸ ਲਈ ਅਸੀ ਉਮੀਦ ਕਰਦੇ ਹਾਂ ਕਿ ਸਰਕਾਰਾਂ ਮੇਰੇ ਵਰਗੇ ਉਮੀਦਵਾਰ ਦੇ ਨਿੱਜੀ ਹਥਿਆਰ ਤੇ ਸੁਰੱਖਿਆ ਰੱਖਣ ਨੂੰ ਛੋਟ ਦੇਣ ਵਿਚ ਜਿੰਮੇਵਾਰੀ ਨਿਭਾਏਗੀ।

# ਪਾਕਿ ਜਾਣ ਵਾਲੀ ਸੰਗਤ ਆਪਣੇ ਨਾਲ ਲੈ ਕੇ ਜਾਵੇ ਭਾਂਡੇ—ਭੁੱਲਰ

ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ) :— ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਸੀਨੀਅਰ ਮੀਤ ਪ੍ਰਧਾਨ ਸੋਹਨ ਸਿੰਘ, ਜਰਨਲ ਸਕੱਤਰ ਸਰਬਜੀਤ ਸਿੰਘ ਛਾਬੜਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਵਿਦੇਸ਼ਾਂ ਵਿਚ ਵਸਨ ਵਾਲੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਨਨਕਾਣਾ ਸਾਹਿਬ ਵਿਖੇ ਵਾਧੂ ਜਮੀਨ ਜ਼ੋ ਗੁਰਦੁਆਰਾ ਸਾਹਿਬ ਦੇ ਨਾਮ ਹੈ, ਜ਼ੋ 500 ਰੁਪਏ ਕਿਲਾ ਜਮੀਨ ਠੇਕੇ ਤੇ ਦਿੱਤੀ ਹੋਈ, ਉਸ ਜਮੀਨ ਵਿਚ ਬੜੀ ਫੈਕਟਰੀ ਗੁਰੂ ਨਾਨਕ ਇੰਡਸਟਰੀਜ ਲਾਈ ਜਾਵੇ, ਜਿਥੇ ਸਿੱਖ ਕੰਮ ਕਰ ਸਕਣ, ਜਿਨ੍ਹਾਂ ਨੂੰ ਰੋਜ਼ਗਾਰ ਮਿਲ ਸਕੇ ਅਤੇ ਪਾਕਿ ਵਿਖੇ ਸਿੱਖਾਂ ਲਈ ਗੁਰਦੁਆਰਾ ਭਾਈ ਜ਼ੋਗਾ ਸਿੰਘ ਪਸ਼ਾਵਰ ਵਿਖੇ ਦੇਗਾਂ ਵਾਸਤੇ ਕੜਾਹੇ ਤਾਂਬੇ ਦੇ ਅਤੇ ਲੋਹੇ ਦੇ ਕੜਾਹੇ ਭੇਜੇ ਜਾਣ, ਵਿਸਾਖੀ ਜਥੇ ਵਿਚ 450 ਸਿੱਖਾਂ ਦੇ ਜਥੇ ਗੁਰੂ ਕੇ ਲੰਗਰਾਂ ਲਈ ਪੰਜ—ਪੰਜ ਕੌਲੀਆਂ ਵਾਲੇ ਥਾਲ ਤੇ ਗਲਾਸ ਗੁਰੂ ਕੇ ਲੰਗਰਾਂ ਲਈ ਆਟਾ ਦਾਲ ਦੀ ਸੇਵਾ ਦਿੱਤੀ ਜਾਵੇ। ਵਿਸਾਖੀ ਮੌਕੇ ਜਥਾ ਰੇਲਵੇ ਰਾਹੀਂ ਜਾਵੇਗਾ, ਅਸੀਂ ਪ੍ਰਧਾਨ ਰਮੇਸ਼ ਸਿੰਘ ਅਰੋੜਾ ਦੇ ਧੰਨਵਵਾਦੀ ਹਾਂ, ਜਿਨ੍ਹਾਂ ਦੇ ਸੋਹਣੇ ਇੰਤਜਾਮ ਹਨ।

# ਸ਼ਹਿਰ ਦੇ ਮੁੱਖ ਚੌਕਾਂ ਅਤੇ ਸੜਕਾਂ ਤੋਂ ਮਿੱਟੀ ਅਤੇ ਕੂੜਾ-ਕਰਕਟ ਸਾਫ ਕਰਨ ਲਈ ਵਿਸ਼ੇਸ਼ ਟੀਮ ਗਠਿਤ

## ਕਿਸੇ ਵੀ ਹਾਲਾਤ ਵਿਚ ਦੁਕਾਨਾਂ ਦਾ ਕੂੜਾ ਸੈਂਟਰ ਵਰਜਾਂ ਉਪਰ ਨਾ ਸੁਟਿੱਆ ਜਾਵੇ : ਕਮਿਸ਼ਨਰ ਨਗਰ ਨਿਗਮ

**ਹੁਸ਼ਿਆਰਪੁਰ, 26 ਮਾਰਚ, (ਆਵਾਜ਼ਿ ਕੌਮ ਬਿਊਰੋ)**-ਕਮਿਸ਼ਨਰ ਨਗਰ ਨਿਗਮ ਅਮਨਦੀਪ ਕੌਰ ਨੇ ਦੱਸਿਆ ਕਿ ਸ਼ਹਿਰ ਦੇ ਮੁੱਖ ਚੌਕਾਂ ਅਤੇ ਸੜਕਾਂ 'ਤੇ ਜੰਮੀ ਮਿੱਟੀ ਅਤੇ ਕੂੜਾ-ਕਰਕਟ ਨੂੰ ਸਾਫ ਕਰਨ ਲਈ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਇਕ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ, ਜਿਸ ਦਾ ਕੰਮ ਰੋਜ਼ਾਨਾ ਸ਼ਹਿਰ ਦੇ ਪ੍ਰਮੁੱਖ ਚੌਕਾਂ, ਜਿਵੇਂ ਕਿ ਬੱਸ ਸਟੈਂਡ ਚੌਕ, ਸ਼ਹੀਦ ਭਗਤ ਸਿੰਘ ਚੌਕ, ਮਹਾਰਾਣਾ ਪ੍ਰਤਾਪ ਚੌਕ, ਸੈਸ਼ਨ ਚੌਕ, ਟਾਂਡਾ ਚੌਕ ਆਦਿ ਅਤੇ ਪ੍ਰਮੁੱਖ ਸੜਕਾਂ, ਸੈਂਟਰ ਵਰਜਾਂ ਦੀ ਸਾਫ-ਸਫਾਈ ਅਤੇ ਸੁੰਦਰੀਕਰਨ ਕਰਨਾ ਹੋਵੇਗਾ, ਤਾਂ ਜੋ ਸ਼ਹਿਰ ਵਿਚ ਦਾਖ਼ਿਲ ਹੁੰਦੇ ਹੀ ਸ਼ਹਿਰ ਸਾਫ-ਸੁਥਰਾ ਦਿਖਾਈ ਦੇਵੇ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਅਤੇ ਦੁਕਾਨਾਂ ਦਾ ਕੂੜਾ-ਕਰਕਟ ਆਪਣੇ ਸਫ਼ਾਈ ਸੇਵਕ ਨੂੰ (ਗਿੱਲਾ ਅਤੇ ਸੁੱਕਾ ਕੂੜਾ) ਵੱਖ-ਵੱਖ ਕਰਕੇ ਦੇਣ ਅਤੇ ਇਸ ਨੂੰ ਖੁੱਲ੍ਹੇ ਵਿਚ ਸੁੱਟ ਕੇ ਸ਼ਹਿਰ ਦੇ ਅਕਸ ਨੂੰ ਨਾ ਖ਼ਰਾਬ ਕਰਨ ਅਤੇ ਕਿਸੇ ਵੀ ਹਾਲਾਤ ਵਿਚ ਦੁਕਾਨਾਂ ਦਾ ਕੂੜਾ ਸੈਂਟਰ ਵਰਜਾਂ ਉਪਰ ਨਾ ਸੁਟਿੱਆ ਜਾਵੇ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਵੱਖ-ਵੱਖ ਸਮਿਆਂ 'ਤੇ ਸਵੱਛਤਾ ਪ੍ਰਤੀ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਗਤੀਵਿਧੀਆਂ ਨੂੰ ਹੋਰ ਹੁੰਗਾਰਾ ਮਿਲੇਗਾ, ਜੇਕਰ ਸ਼ਹਿਰਵਾਸੀ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਕੂੜੇ ਦੇ ਸਹੀ ਢੰਗ ਨਾਲ ਨਿਪਟਾਰੇ ਵਿਚ ਆਪਣਾ ਸਹਿਯੋਗ ਦੇਣ।

## ਐਮ.ਐਲ.ਏ. ਸਮਰਾਲਾ ਜਗਤਾਰ ਸਿੰਘ ਦਿਆਲਪੁਰਾ ਨੇ ਕੀਤਾ

# ਜਰਖੜ ਖੇਡ ਸਟੇਡੀਅਮ ਅਤੇ ਜੰਨਤ ਏ ਜਰਖੜ ਦਾ ਵਿਸ਼ੇਸ਼ ਦੌਰਾ





















**ਲੁਧਿਆਣਾ ਨਕੋਦਰ ਮਹਿਤਪੁਰ 26 ਮਾਰਚ (ਹਰਜਿੰਦਰ ਪਾਲ ਛਾਬੜਾ)** - ਸਮਰਾਲਾ ਹਲਕਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਬੀਤੇ ਦਿਨੀ ਜਰਖੜ ਖੇਡ ਸਟੇਡੀਅਮ ਦਾ ਵਿਸ਼ੇਸ਼ ਦੌਰਾ ਕੀਤਾ ।ਉਹਨਾਂ ਨੇ ਜਰਖੜ ਖੇਡ ਸਟੇਡੀਅਮ ਵਿਖੇ ਲੱਗੀ ਐਸਟਰੋਟਰਫ, ਹੋਸਟਲ ਅਤੇ ਹੋਰ ਖੇਡ ਮੈਦਾਨਾਂ ਦਾ ਮੁਆਇਨਾ ਕੀਤਾ। ਉਹਨਾਂ ਆਖਿਆ ਕਿ ਜਰਖੜ ਖੇਡ ਸਟੇਡੀਅਮ ਵਾਕਿਆ ਹੀ ਪੇਂਡੂ ਖੇਡਾਂ ਦਾ ਇੱਕ ਮੱਕਾ ਹੈ । ਉਨਾ ਆਖਿਆ ਹਲਕਾ ਸਮਰਾਲਾ ਦੇ ਵਿੱਚ ਵੱਡੇ ਪੱਧਰ ਤੇ ਖੇਡ ਸਟੇਡੀਅਮਾ ਦੀ ਸਥਾਪਨਾ ਕੀਤੀ ਜਾਵੇਗੀ । ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਅਤੇ ਹੋਰ ਪ੍ਰਬੰਧਕਾਂ ਵੱਲੋਂ ਉਹਨਾਂ ਨੂੰ ਵਿਸ਼ੇਸ਼ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਜਗਤਾਰ ਸਿੰਘ ਦਿਆਲਪੁਰਾ ਵਿਧਾਇਕ ਸਮਰਾਲਾ ਜੰਨਤ ਏ ਜਰਖੜ ਨੂੰ ਵੀ ਵੇਖਣ ਲਈ ਉਚੇਚੇ ਤੌਰ ਤੇ ਗਏ , ਇਸ ਮੌਕੇ ਉਹਨਾਂ ਨਾਲ ਬਹੁਤ ਹੀ ਰਾਜਨੀਤਿਕ ਅਤੇ ਸਮਾਜਿਕ ਗੱਲਾਂ ਹੋਈਆਂ , ਬਾਈ ਜਗਤਾਰ ਸਿੰਘ ਦਿਆਲਪੁਰਾ ਜੰਨਤ ਏ ਜਰਖੜ ਨੂੰ ਵੇਖ ਕੇ ਬਾਗੋ ਬਾਗ ਹੋਏ ਉਹਨਾਂ ਆਖਿਆ ਕਿ ਜਨਤ ਏ ਜਰਖੜ ਪੰਜਾਬ ਦਾ ਇੱਕ ਵਿਲੱਖਣ ਅਜੂਬਾ ਬਣੇਗਾ । ਦੁਨੀਆ ਭਰ ਦੇ ਸ਼ੈਲਾਨੀ ਜੰਨਤ ਏ ਜਰਖੜ ਨੂੰ ਵੇਖਣ ਆਇਆ ਕਰਨਗੇ । ਇਸ ਮੌਕੇ ਗੁਰ ਸਤਿੰਦਰ ਸਿੰਘ ਪ੍ਰਗਟ ਕੋਚ ,ਸ਼ਿੰਗਾਰਾ ਸਿੰਘ ਜਰਖੜ ,ਅਮਰੀਕ ਸਿੰਘ ਜਰਖੜ, ਸੁਰਿੰਦਰ ਸਿੰਘ ਜਰਖੜ ,ਰਜਿੰਦਰ ਸਿੰਘ ਜਰਖੜ , ਕੋਚ ਗੁਰਤੇਜ ਸਿੰਘ , ਸਾਹਿਬ ਜੀਤ ਸਿੰਘ ਸਾਬੀ ਜਰਖੜ , ਤਜਿੰਦਰ ਸਿੰਘ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਜਨਤਾ ਜੀ ਤਖਤ ਬਦਲ ਦਿਓ ਤਾਜ ਬਦਲ ਦਿਓ

# ਬੇਈਮਾਨਾ ਦਾ ਰਾਜ ਬਦਲ ਦਿਓ—ਪੀ.ਸੀ ਕੁਮਾਰ

**ਫ਼ਿਰੋਜ਼ਪੁਰ, 26 ਮਾਰਚ (ਮਨੋਹਰ ਲਾਲ)** :— ਬਾਹਰਲੇ ਹਜ਼ਾਰਾਂ ਸਾਲ ਅੱਧੀ ਦੁਨੀਆ ਤੇ ਰਾਜ ਕਰਨ ਵਾਲੇ ਦੇਸ਼ਾਂ ਦੀ ਜਨਤਾ ਤਰ੍ਹਾਂ ਸਿਸਾਂਤਾ ਇਕ ਉਮੀਦਵਾਰ ਨੂੰ ਸਿਰਫ ਦੋ ਵਾਰ ਚੁਣਿਆ ਜਾਵੇ, ਨਾਲ ਹੀ ਪੰਜ ਸਾਲ ਤੋਂ ਪਹਿਲਾਂ ਕਿਸੇ ਨੂੰ ਇਕ ਅਹੁਦਾ ਛੱਡ ਦੂਜੇ ਤੇ ਇਲੈਕਸ਼ਨ ਤੇ ਖੜ੍ਹੇ ਹੋਣਾ ਅਨੈਤਿਕਤਾ ਦੇ ਆਧਾਰ ਤੇ ਜਨਤਾ ਨਿਕਾਰੇ ਖੁਦ ਬ ਖੁਦ 144 ਕਰੋੜ ਭਾਰਤ ਦੀ ਜਨਤਾ ਦੀ ਪਹਿਚਾਨ ਸਾਨ ਹੱਕ ਆਜ਼ਾਦੀ ਜਨਤਾ ਦਾ ਧਨ ਸਮਾਂ ਸ਼ਤੀ ਅਜਾਈ ਬਰਬਾਦ ਹੋ ਰਹੀ ਤੇ ਹੋਣ ਜਾ ਰਹੀ ਹੈ, ਆਉਣ ਵਾਲੀ ਪੀੜੀ ਤੇ ਹੱਮ ਤੋਂ ਲਾਏ ਥੇ ਆਜ਼ਾਦੀ ਤੂਫਾਨੇ ਸੇ ਨਿਕਾਲ ਕੇ ਬਚੋ ਰੱਖਣਾ ਸੰਭਾਲ ਕੇ ਸ਼ਹੀਦਾਂ ਤੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਨਣ ਵਿਚ ਦੇਰ ਨਹੀਂ ਆਉਣ, ਇਸੇ ਇਲੈਕਸ਼ਨ ਵਿਚ ਰਾਵਣ ਦੇ ਕਹਿਣ ਅਨੁਸਾਰ ਜ਼ੋ ਚੰਗਾ ਕੰਮ ਉਸ ਨੂੰ ਕਲ ਤੇ ਨਹੀਂ ਹੁਣੇ ਜ਼ੋ ਮਾੜਾ ਹੈ, ਉਸ ਨੂੰ ਕੱਲ ਕੱਲ ਕਰ ਆਪਣੇ ਆਪ ਰੱਲ ਯਾ ਟਲ ਜਾਵੇਗਾ। ਇਹ ਸ਼ਿਵਾ ਦਾ ਥੜ੍ਹਾ ਇਕ ਗਿਆ, ਦੂਜਾ ਖੜ੍ਹਾ ਭਾਰਤ ਮਾਤਾ ਕੋਲ ਬਹੁਤ ਸਪੂਤ ਸ਼ਹੀਦ ਦੇ ਸੁਪਨੇ ਸਾਕਾਰ ਕਰਨ ਵਾਲੇ ਉਨ੍ਹਾਂ ਨੂੰ ਇਹ ਸਿਆਸੀ ਲੋਕ ਚੌਧਰਾਂ ਦੇ ਭੁਖੇ ਆਪਣੇ ਜਾਤੀ ਹਿੱਤਾਂ ਸਦਕਾ ਜਾਤੀ ਰਾਜੇ ਮਹਾਰਾਜੇ ਬਣ ਆਪਣੇ ਪਰਿਵਾਰਾਂ ਦੀ ਜਾਤੀ ਮਲਕੀਅਤ ਬਨਾ ਲਾਲ ਬਹਾਦਰ ਜੀ ਨੂੰ ਸਰਵਾ ਚਾਦੀਆਂ ਦੇ ਮਾਲਕ ਪਰਿਵਾਰਕ ਰਾਜਵਾੜੇ ਕਾਇਮ ਕਰ ਜ਼ੋ ਵੀ ਬਿਮਾਰੀਆਂ, ਪ੍ਰੇਸ਼ਾਨੀਆਂ ਕੁਰੀਤੀਆਂ, ਸਮਾਜ ਦੇਸ਼ ਵਿਚ ਨਜ਼ਰ ਆ ਰਹੀਆਂ ਹਨ, ਇਨ੍ਹਾਂ ਰਜਵਾੜਾਸ਼ਾਹੀ ਰਿਵਾਰ ਜ਼ੋ ਹਰ ਸੂਬੇ ਵਿਚ ਵੇਖਣ ਨੂੰ ਨਜ਼ਰ ਆ ਰਹੀ ਹੈ, ਚਾਹੇ ਉਹ ਦੇਸ਼ ਦੀ ਏਕਤਾ, ਅਖੰਡਤਾ, ਭਾਈਚਾਰੇ ਨੂੰ ਢਾਹ ਲਾ ਰਹੀ ਹੈ, ਚਾਹੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਿਚ ਫਸਾ ਅੰਤਕਵਾਦ ਗੈਂਗਸਵਾਰਾਂ ਨੂੰ ਜਨਮ ਦੇ ਧਰਮ ਦੇ ਨਾਮ ਤੇ ਹੋਛੀਆਂ ਹਰਕਤਾਂ ਕਰਵਾ ਧਰਮ ਜ਼ੋ ਸਾਡੇ ਬਜੁਰਗਾਂ ਜ਼ੋੜਨ ਲਈ ਬੁਰਾਇਆ ਦਾ ਨਾਸ਼ ਕਰਨ ਪਿਆਰ ਪੈਦਾ ਕਰਨ ਲਈ ਹੋਂਦ ਵਿਚ ਆਏ, ਅੱਜ ਲੜਾਉਣ ਵੰਡੀਆਂ ਪਾਉਣ, ਅਰਾਜਕਤਾ ਫੈਲਾਉਣ ਲਈ ਹੱਥਕੰਢੇ ਦੀ ਥਾਂ ਵਰਤ ਇਨ੍ਹਾਂ ਵੋਟਾਂ ਵਿਚ ਉਹ ਉਮੀਦਵਾਰ ਜਿਹੜੇ ਗਲਤ, ਗਲਤ ਅਨਸਰਾਂ ਨੂੰ ਬੜਾਵਾ, ਪਨਾਹ ਦੇ ਕੇ ਬਾਰ ਬਾਰ ਇਕ ਸੀਟ ਤੋਂ ਅਸਤੀਫਾ ਦੁਆ ਕਰੋੜਾਂ ਨਹੀਂ ਅਰਬਾ ਰੁਪਿਆ ਇਨ੍ਹਾਂ ਇਲੈਕਸ਼ਨਾਂ ਤੇ ਖਰਚ ਕਰਾ ਉਨ੍ਹਾਂ ਨੂੰ ਪਦਮ ਭੂਸ਼ਨ ਪਦਮ ਵਭੂਸ਼ਨ ਹੋਰ ਕੀ—ਕੀ ਜਾਲੀ ਦਸਤਾਵੇਜਾਂ ਦੇ ਆਧਾਰ ਤੇ ਵੋਟਾਂ ਦੀ ਰਾਜਨੀਤੀ ਜਾਤੀ ਹਿੱਤਾਂ ਸਦਕਾ, ਉਨ੍ਹਾਂ ਨੂੰ ਰਾਜਿਆਂ ਸਭਾਵਾਂ, ਲੋਕ ਸਭਾਵਾਂ ਵਿਚ ਮੈਂਬਰੀਆਂ ਦੇ ਕੇ ਇਸ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦੀ ਅਵਹੈਲਣਾ ਕਰ ਕਰ ਉਹ ਸ਼ਹੀਦਾਂ ਤੇ ਪਰਮ ਸ਼ਹੀਦਾਂ ਜਿਨ੍ਹਾਂ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਤੇ ਉਨ੍ਹਾਂ ਦੀ ਵਿਚਾਰਧਾਰਾ, ਸੋਚ ਤੇ ਪਹਿਰਾ ਦੇ ਕੇ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਬਨਾਉਣ ਵਿਚ ਇਕ ਵਾਰ ਨਹੀਂ ਤੇਰ੍ਹਾ—ਤੇਰ੍ਹਾ ਵਾਰ ਕੇਸ ਔਣ ਲਾਈਨ ਭੇਜੇ ਅੱਜ ਤੱਕ ਭਾਰਤ ਸਰਕਾਰ, ਸੂਬੇ ਦੀ ਸਰਕਾਰ ਤੱਕ ਨਾ ਪਹੁੰਚ ਨਾ ਆਰ.ਟੀ.ਆਈ ਹੋਈਆਂ ਕਾਪੀਆਂ ਹਰ ਸਰਕਾਰ ਦੇ ਦਾਇਰੇ ਨੂੰ ਨਿਰਪੱਖ ਏਜੰਸੀਆਂ ਤੋਂ ਪੜਤਾਲ ਘਲੇ ਬਜੀਦੀ ਪੜਤਾਲ ਦਾ ਪੜ੍ਹਦਾ ਪਾਸ਼ ਕਰਨਾ, ਇਨ੍ਹਾਂ ਸਰਕਾਰਾਂ ਦਾ ਇਕ ਜ਼ੋ ਫਰਜ ਹੈ, ਉਲਟਾ ਬੜਾਵਾ ਦੇਣ ਹੋਰ ਤੇ ਹੋਰ ਮਾਨਯੋਗ ਅਦਾਲਤਾਂ ਜ਼ੋ ਕੰਮ ਇਨ੍ਹਾਂ ਕਮਿਸ਼ਨਾਂ ਜੁੰਮੇ ਸੀ ਅੱਜ ਇਨ੍ਹਾਂ ਨੂੰ ਗਲਤ ਅਨਸਰਾਂ ਨੂੰ ਜਾਤੀ ਹਿੱਤਾਂ ਲਈ ਬੜਾਵਾ ਦੇਣਾ ਅਨਿਖੜਵ ਅੰਗ ਬਨ ਇਸ ਰਜਵਾੜਾਸ਼ਾਹੀ ਪਰਿਵਾਰਾਂ ਸਮੇਤ ਪਰਿਵਾਰਾਂ ਨੂੰ ਇਸ ਦੀ ਭਾਗੀਦਾਰੀ ਦੇ ਇਨ੍ਹਾਂ ਇਲੈਕਸ਼ਨਾਂ ਵਿਚ 75 ਸਾਲਾਂ ਵਿਚ ਚੰਗੇ ਇਨਸਾਨਾਂ ਨੂੰ ਖੁਡੇ ਲਾਇਨ ਖਾਸ ਤੌਰ ਤੇ ਸ਼ਹੀਦਾਂ, ਸ਼ਹੀਦਾਂ ਦੇ ਪਰਿਵਾਰਾਂ, ਆਜ਼ਾਦੀ ਘੁਲਾਟਿਆਂ ਨੂੰ ਅੱਜ ਤੱਕ ਅੱਗੇ ਲਿਆਉਣਾ ਦੂਰ ਦੀ ਗੱਲ ਉਨ੍ਹਾਂ ਦਾ ਨਾਮੋ ਨਿਸ਼ਾਨ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਊਧਮ ਸਿੰਘ, ਮਦਨ ਲਾਲ ਢੀਂਗਰਾ ਹੋਰ ਕੀ—ਕੀ ਲਿਖਾ ਅੱਜ ਕਿਸੇ ਵੀ ਪਾਸੇ ਉਨ੍ਹਾਂ ਲੋਕਾਂ ਦੀ ਜ਼ੋ ਰੋਟੀ ਰੋਜੀ ਤੋਂ ਆਤਰ ਦਰ—ਦਰ ਠੋਕਰਾਂ ਖਾ ਇਸ ਗੌਰਿਆਂ ਕੋਲੋਂ ਖੋਹ ਇਨ੍ਹਾਂ ਕਾਲਿਆਂ ਨੂੰ ਹਕੂਮਤ ਦਿੱਤੀ, ਜਨਤਾ ਅੱਜ ਸਾਡੇ ਸ਼ਹੀਦਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਗੁਨਾਹਗਾਰ ਠਹਿਰਾ ਇਹ ਜ਼ੁਰਗ ਕਹਿੰਦੇ ਸੁਨੀਦੇ ਇਨ੍ਹਾਂ ਕਾਲਿਆਂ ਅੰਗਰੇਜਾਂ ਨਾਲੋ ਤਾਂ ਅੰਗਰੇਜ਼ ਚੰਗੇ, ਆਮ ਜਨਤਾ ਸੁੱਖ ਨਾਲ ਜੀ ਰਹੀ ਸੀ, ਕੀ ਲੱਖਾਂ ਕਰੋੜਾਂ ਕਰਵਾ ਕੀ ਖਟਿਆ, ਦੋਨਾਂ ਦੇਸ਼ਾਂ ਜ਼ੋ ਅੱਜ ਦੁੱਖ ਭੋਗਿਆ ਤੇ ਭੋਗ ਰਹੇ ਹਨ, ਹੁਣ ਤਾਂ ਸੋਚੀਦੇ ਵਿਚਾਰੇ ਨੇ ਇਨ੍ਹਾਂ ਚੋਣਾਂ ਵਿਚ ਜਨਤਾ ਦੀ ਵੋਟਾਂ ਦੇ ਰਾਜ ਵਿਚ ਕੀ ਸ਼ਤੀ ਹੈ ਤਖਤ ਬਦਲ ਦਿਉ, ਤਾਜ ਬਦਲ ਦਿਉ, ਇਨ੍ਹਾਂ ਰਜਵਾੜਾਸ਼ਾਹੀ ਦਾ ਰਾਜ ਬਦਲ ਦਿਓ।ਸ੍ਰੀ ਕੁਮਾਰ ਨੇ ਕਿਹਾ ਕਿ ਇਸ ਇਲੈਕਸ਼ਨ ਵਿਚ ਜ਼ੋ ਚੰਗੀਆਂ ਰਵਾਇਤਾਂ ਸਿਧਾਂਤ, ਅਸੂਲ ਜ਼ੋ ਜਨਤਾ ਵੱਲੋਂ ਇਕ ਫਰਜ ਕਨਵੈਨਸ਼ਨ ਬਣ ਦੁਨਿਆਂ ਤੇ ਰਾਜ ਕੀਤਾ, ਨਾਲ ਆਪਣੇ ਦੇਸ਼ਾਂ ਦੀ ਜਨਤਾ ਨੂੰ ਵੀ ਮਾਨਬਕਸ ਉਨ੍ਹਾਂ ਸਿਧਾਤਾਂ ਨੂੰ ਹਰ ਪਾਰਟੀ, ਹਰ ਨੇਤਾ, ਖੁਦ ਤੇ ਲਾਗੂ ਕਰ ਖੁਦ—ਬ—ਖੁਦ ਸੁਧਰ ਬਗੈਰ ਲਿਖਤੀ ਸੰਵਿਧਾਨ ਨੂੰ ਇਕ ਫਰਜ ਕਨਵੈਨਸ਼ਨ ਸਮਝ ਲਾਗੂ ਕੀਤਾ ਤੇ ਕਰ ਰਹੇ ਹਨ, ਅੱਜ ਭਾਰਤ ਵਿਚ ਮੌਲਿਕ ਅਧਿਕਾਰਾਂ ਨੂੰ ਲਿਖਣ, ਵਧੀਆ—ਵਧੀਆ ਅੱਖਰਾਂ ਵਿਚ ਕਾਗਜਾਂ ਸਾਹੀ ਪੈਣਾ ਉਚ ਕੋਟੀ ਦੇ ਮਾਹਿਰਾਂ ਤੇ ਤਲਖ ਤਜਰਬਿਆਂ ਦੇ ਆਧਾਰ ਤੇ ਵਧੀਆ ਕਿਤਾਬਚਾ ਬਨ ਸਾਨੂੰ ਦੇ ਕੇ ਸੀਸੀਆਂ ਵਿਚ ਮੜ੍ਹਾ ਅਸੀਂ ਪੂਜਾ ਕਰ ਰਹੇ ਹਾਂ, ਪਰ ਅਮਲ ਕਰਨਾ ਕਰਾਉਣਾ ਬੜੀ ਦੂਰ ਦੀ ਗੱਲ, ਉਸ ਨੂੰ ਕਹਿਣੀ, ਕਰਨੀ, ਕਥਣੀ ਦੀ ਝਲ ਕਵੀ ਨਹੀਂ ਲੱਗਣ ਦਿੱਤੀ, ਜਨਤਾ ਜਾਗੋ—ਜਾਗੋ 140 ਕਰੋੜ ਦੀ ਆਤਮਾ ਜ਼ੋ ਕੋਸ ਰਹੀ ਹੈ, ਖੁਦ ਸੁਧਰ ਦੂਜੀਆਂ ਲਈ ਉਦਾਹਰਣ ਬਣ ਵਿਖਾਈਏ।



ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਧੰਨ ਧੰਨ ਬਾਬਾ ਈਸ਼ਰ ਸਿੰਘ ਨਾਨਕਸਰ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਆਨੰਦ ਕਾਰਜ ਕਰਵਾਇਆ ਗਿਆ

# 4 ਫਰਵਰੀ ਤੋਂ ਚਲ ਰਹੇ ਜਪੁ ਤਪ ਸਮਾਗਮਾਂ ਦੀ ਸਮਾਪਤੀ ਅਤੇ ਅਰਦਾਸ ਸਮਾਗਮ 2 ਅਪ੍ਰੈਲ ਨੂੰ

**ਜੰਡਿਆਲਾ ਗੁਰੂ 26 ਮਾਰਚ ( ਕੁਲਵੰਤ ਸਿੰਘ ਵਿਰਦੀ )**-ਅੱਜ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਵੱਲੋਂ ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ ਅਤੇ ਇਸ ਮੌਕੇ ਇਕ ਜੋੜੀ ਦਾ ਵਿਆਹ ਆਨੰਦ ਕਾਰਜ ਕਰਵਾਇਆ ਗਿਆ ਇਸ ਮੌਕੇ ਗੁਰਮਤਿ ਸਿਧਾਂਤਾਂ ਮੁਤਾਬਿਕ ਚਾਰ ਲਾਵਾਂ ਦਾ ਪਾਠ ਗ੍ਰੰਥੀ ਸਿੰਘ ਵੱਲੋਂ ਕੀਤਾ ਗਿਆ ਅਤੇ ਭਾਈ ਬਲਰਾਜ ਸਿੰਘ ਹਜ਼ੂਰੀ ਰਾਗੀ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦਾਂ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਵੱਲੋਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ ਲੰਗਰਾਂ ਵਿੱਚ ਕੌਫੀ ਪਕੌੜੇ ਜਲੇਬੀਆਂ ਅਤੇ ਵੱਖ ਵੱਖ ਮਿੱਠੇ ਪਕਵਾਨ ਤਿਆਰ ਕੀਤੇ ਗਏ 9 ਅਤੇ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਵੱਲੋਂ 4 ਫਰਵਰੀ ਤੋਂ ਜਪ ਤਪ ਸਮਾਗਮ ਆਰੰਭ ਕੀਤੇ ਗਏ ਹਨ ਅਤੇ ਜਪੁ ਤਪ ਸਮਾਗਮਾਂ ਦੀ ਸਮਾਪਤੀ 2 ਅਪ੍ਰੈਲ ਨੂੰ ਹੋਵੇਗੀ ਜਪੁ ਤਪ ਸਮਾਗਮਾਂ ਦੀ ਸਮਾਪਤੀ ਮੌਕੇ ਸਰਬੱਤ ਦੇ ਭਲੇ ਲਈ ਵਿਸ਼ੇਸ਼ ਅਰਦਾਸ ਸਮਾਗਮ ਕਰਵਾਇਆ ਜਾਵੇਗਾ ਅਤੇ ਜਿੱਥੇ ਜਪੁ ਤਪ ਸਮਾਗਮਾਂ ਦੀ ਸਮਾਪਤੀ ਦੀ ਅਰਦਾਸ ਹੋਵੇਗੀ ਉੱਥੇ ਘਰਾਂ ਵਿੱਚ ਚਲ ਰਹੇ ਦੂਖ ਨਿਵਾਰਨ ਕੈਂਪਾਂ ਦੀ ਅਰਦਾਸ ਵੀ ਕੀਤੀ ਜਾਵੇਗੀ। ਸੰਗਤਾਂ ਵੱਧ ਚੜ੍ਹ ਕੇ ਗੁਰੂ ਚਰਨਾਂ ਵਿੱਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ।



### ਵਧੀਕ ਡਿਪਟੀ ਕਮਿਸ਼ਨਰ ਨੇ ਵਿਸਾਖੀ ਮੇਲੇ ਦੀ ਤਿਆਰੀਆਂ ਸਬੰਧੀ ਕੀਤੀ ਮੀਟਿੰਗ

# ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪੀਆਂ ਡਿਊਟੀਆਂ

ਬਠਿੰਡਾ, 26 ਮਾਰਚ (ਗੁਰਜੰਟ ਸਿੰਘ ਨਥੇਹਾ)- ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀ ਲਤੀਫ਼ ਅਹਿਮਦ ਨੇ ਤਖ਼ਤ ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਮਨਾਏ ਜਾਣ ਵਾਲੇ ਸਲਾਨਾ ਵਿਸਾਖੀ ਮੇਲੇ ਦੀਆਂ ਤਿਆਰੀਆਂ ਸਬੰਧੀ ਦਫ਼ਤਰ ਨਗਰ ਕੌਂਸਲ ਤਲਵੰਡੀ ਸਾਬੋ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ੁੰਮੇਵਾਰੀਆਂ ਸੌਂਪੀਆਂ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 13 ਅਪ੍ਰੈਲ ਨੂੰ ਪੂਰੀ ਸ਼ਰਧਾ ਤੇ ਪ੍ਰੇਮ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।



ਇਸ ਦੌਰਾਨ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਉਹ ਸੀਨੀਅਰ ਪੁਲਿਸ ਕਪਤਾਨ ਨਾਲ ਤਾਲਮੇਲ ਕਰਕੇ ਐਨਡੀਆਰਐਫ਼ ਅਤੇ ਗੋਤਾਖ਼ੋਰ ਟੀਮ ਦਾ ਪ੍ਰਬੰਧ ਕਰਨਾ ਲਾਜ਼ਮੀ ਬਣਾਉਣ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਮੇਲੇ ਦੌਰਾਨ ਕਿਸੇ ਵੀ ਅਣ-ਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਸੀਨੀਅਰ ਪੁਲਿਸ ਕਪਤਾਨ ਦੀ ਮੰਗ ਅਨੁਸਾਰ ਫਾਇਰ ਬ੍ਰਿਗੇਡ ਦਾ ਪ੍ਰਬੰਧ ਕਰਨ ਲਈ ਕਿਹਾ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੇਲੇ ਦੌਰਾਨ ਮੈਡੀਕਲ ਟੀਮਾਂ ਦਾ ਖਾਸ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਮੇਲੇ ਦੌਰਾਨ ਆਮ ਜਨਤਾ ਅਤੇ ਸ਼ਰਧਾਲੂਆਂ ਲਈ ਵੱਖ-ਵੱਖ ਥਾਵਾਂ ਤੇ ਯੂਰੀਨਲਜ਼ ਅਤੇ ਲੈਟਰੀਨ ਔਰਤਾਂ ਤੇ ਪੁਰਸ਼ਾਂ ਲਈ ਬਣਵਾਉਣਗੇ। ਇਸ ਮੌਕੇ ਸਕੱਤਰ ਆਰਟੀਏ ਮੈਡਮ ਪੂਨਮ ਸਿੰਘ, ਐਸਡੀਐਮ ਤਲਵੰਡੀ ਸਾਬੋ ਸ. ਹਰਜਿੰਦਰ ਸਿੰਘ ਜੱਸਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਾਰ ਨੇ ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦਾ ਯੂ-ਟਿਊਬ ਖਾਤਾ ਭਾਰਤ 'ਚ ਕੀਤਾ ਬੰਦ




**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਰਤ ਸਰਕਾਰ ਨੇ ਸਿੱਖ ਪ੍ਰਚਾਰਕ, ਪੰਥਕ ਲੇਖਕ, ਖ਼ਾਲਸਾ ਫ਼ਤਹਿਨਾਮਾ ਦੇ ਸਹਾਇਕ ਸੰਪਾਦਕ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦਾ ਯੂ-ਟਿਊਬ ਖਾਤਾ ਭਾਰਤ ਵਿੱਚ ਬੰਦ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੇ ਫੇਸਬੁੱਕ, ਇੰਸਟਾਗ੍ਰਾਮ ਅਤੇ ਟਵਿੱਟਰ ਖਾਤੇ ਵੀ ਸਰਕਾਰ ਕਈ ਵਾਰ ਬੰਦ ਕਰ ਚੁੱਕੀ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਰਤ ਸਰਕਾਰ ਉਹਨਾਂ ਦੇ ਲਿਖਣ ਅਤੇ ਬੋਲਣ ਦੀ ਆਜ਼ਾਦੀ 'ਤੇ ਹਮਲਾ ਕਰ ਰਹੀ ਹੈ, ਇਹ ਸੰਵਿਧਾਨਿਕ ਹੱਕਾਂ 'ਤੇ ਡਾਕਾ ਹੈ, ਮਨੁੱਖੀ ਹੱਕਾਂ ਦਾ ਘਾਣ ਅਤੇ ਲੋਕਤੰਤਰ ਦਾ ਕਤਲ ਹੈ। ਉਹਨਾਂ ਕਿਹਾ ਸਰਕਾਰ ਸਾਡੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ, ਸਰਕਾਰ ਨੂੰ ਸਿੱਖੀ ਪ੍ਰਚਾਰ ਤੋਂ ਬੇਹੱਦ ਤਕਲੀਫ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਜੋ ਯੂ-ਟਿਊਬ ਖਾਤਾ ਭਾਰਤ ਸਰਕਾਰ ਨੇ ਬੰਦ ਕੀਤਾ ਹੈ ਉਸ ਵਿੱਚ ਬਹੁਤ ਸਾਰੀਆਂ ਸਿੱਖੀ ਪ੍ਰਚਾਰ ਨਾਲ ਸੰਬੰਧਤ ਵੀਡੀਓ, ਸ਼ਹੀਦਾਂ ਦੇ ਪਰਿਵਾਰਾਂ ਨਾਲ ਗੱਲਬਾਤ, ਗੁਰਮਤਿ ਅਤੇ ਸ਼ਹੀਦੀ ਸਮਾਗਮਾਂ ਦੀਆਂ ਵੀਡੀਓ ਅਤੇ ਗਤਕੇ ਨਾਲ ਸੰਬੰਧਿਤ ਵੀਡੀਓ ਸਨ ਤੇ ਕੁਝ ਵੀਡੀਓ ਦੇ ਵਿੱਚ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਕੀਤੇ ਗਏ ਮਾਰਚ, ਪ੍ਰਦਰਸ਼ਨ, ਸੈਮੀਨਾਰ ਆਦਿਕ ਸਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਯੂਟਿਊਬ ਨੇ ਉਹਨਾਂ ਨੂੰ ਇੱਕ ਨੋਟੀਫਿਕੇਸ਼ਨ ਵੀ ਭੇਜਿਆ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਰਾਸ਼ਟਰੀ ਸੁਰੱਖਿਆ ਦੇ ਕਾਰਨਾਂ ਕਰਕੇ ਭਾਰਤ ਸਰਕਾਰ ਵੱਲੋਂ ਇਹ ਸਮੱਗਰੀ ਹਟਾਈ ਗਈ ਹੈ, ਇਹ ਖਾਤਾ ਹੁਣ ਭਾਰਤ ਵਿੱਚ ਉਪਲਬਧ ਨਹੀਂ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਸਰਕਾਰ ਉਹਨਾਂ ਦਾ ਫੇਸਬੁੱਕ ਖਾਤਾ ਮਹੀਨੇ ਜਾਂ ਦੋ ਮਹੀਨਿਆਂ ਬਾਅਦ ਹੀ ਬੰਦ ਕਰ ਦਿੰਦੀ ਹੈ, ਇਸ ਤੋਂ ਪਹਿਲਾਂ ਸਾਡੀ ਵੈੱਬਸਾਈਟ, ਫੇਸਬੁੱਕ ਸਫੇ, ਐਪਲੀਕੇਸ਼ਨ ਆਦਿ ਵੀ ਸਰਕਾਰ ਬੰਦ ਕਰ ਚੁੱਕੀ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਰਕਾਰ ਨੇ ਮਹੀਨਾਵਾਰ ਪੰਥਕ ਮੈਗਜ਼ੀਨ ਖ਼ਾਲਸਾ ਫ਼ਤਹਿਨਾਮਾ ਬੰਦ ਕਰਵਾਉਣ ਲਈ ਵੀ ਵੱਡਾ ਹਮਲਾ ਕੀਤਾ ਹੈ, ਵਾਰ-ਵਾਰ ਨੋਟਿਸ ਭੇਜ ਕੇ, ਕੇਸ ਕਰਕੇ, ਰਜਿਸਟ੍ਰੇਸ਼ਨ ਰੱਦ ਕਰਵਾਉਣ ਦੀ ਪ੍ਰਕਿਰਿਆ ਨਾਲ ਸਾਡੀ ਘੇਰਾਬੰਦੀ ਕੀਤੀ ਹੈ ਤੇ ਪੰਥਕ ਆਵਾਜ਼ ਨੂੰ ਬੰਦ ਕਰਨ ਦਾ ਸਖਤ ਰਾਹ ਅਪਣਾਇਆ ਹੋਇਆ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਖਾਲਿਸਤਾਨੀ ਚਿੰਤਕ ਅਤੇ ਪੰਥਕ ਲੇਖਕ ਭਾਈ ਸਰਬਜੀਤ ਸਿੰਘ ਘੁਮਾਣ ਦੇ ਫੇਸਬੁੱਕ ਖਾਤੇ ਅਤੇ ਪੱਤਰਕਾਰ ਭਾਈ ਭੁਪਿੰਦਰ ਸਿੰਘ ਸੱਜਣ ਦਾ ਆਪਣਾ ਸਾਂਝਾ ਪੰਜਾਬ ਚੈੱਨਲ ਵੀ ਸਰਕਾਰ ਬੰਦ ਕਰ ਚੁੱਕੀ ਹੈ।





ਬੀਤੇ ਦਿਨੀਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦਾ ਦੁੱਖ ਸਾਂਝਾ ਕਰਨ ਲਈ ਅੱਜ ਟਿੱਬੀ ਰਵਿਦਾਸਪੁਰਾ ਵਿਖੇ ਪੀੜਿਤ ਪਰਿਵਾਰ ਨਾਲ ਮੁਲਾਕਾਤ ਕੀਤੀ ਗਈ, ਸਰਕਾਰ ਅਤੇ ਸਬੰਧਤ ਵਿਭਾਗ ਦੀ ਲਾਪਰਵਾਹੀ ਕਾਰਨ ਵਾਪਰੀ ਇਸ ਮੰਦਭਾਗੀ ਘਟਨਾ ਦਾ ਮੈਨੂੰ ਬਹੁਤ ਦੁਖ ਹੈ। ਇਸ ਦੁੱਖ ਦੀ ਘੜੀ ਵਿੱਚ ਮੈਂ ਅਤੇ ਮੇਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪਰਿਵਾਰ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਾਂ। ਪਰਮਾਤਮਾ ਵਿਛੜੀਆਂ ਰੂਹਾਂ ਨੂੰ ਆਤਮਿਕ ਸ਼ਾਂਤੀ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਐਮ.ਪੀ. ਸਿਮਰਨਜੀਤ ਸਿੰਘ ਮਾਨ ਨੇ ਟਿੱਬੀ ਰਵਿਦਾਸਪੁਰਾ ਦੇ ਪੀੜਿਤ ਪਰਿਵਾਰਾਂ ਨਾਲ ਕੀਤਾ ਦੁੱਖ ਸਾਂਝਾ

### ਜਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਸਰਕਾਰ ਦੀ ਲਾਪਰਵਾਹੀ ਦਾ ਨਤੀਜਾ: ਮਾਨ

ਸੁਨਾਮ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ ਟਿੱਬੀ ਰਵਿਦਾਸਪੁਰਾ ਵਿਖੇ ਜਹਿਰੀਲੀ ਸ਼ਰਾਬ ਪੀਣ ਨਾਲ ਮਾਰੇ ਗਏ ਗਰੀਬ ਮਜਦੂਰਾਂ ਦੇ ਘਰ ਦੁੱਖ ਸਾਂਝਾ ਕਰਨ ਲਈ ਪਹੁੰਚੇ, ਉਨ੍ਹਾਂ ਪੀੜਿਤ ਪਰਿਵਾਰਾਂ ਨੂੰ ਹੌਂਸਲਾ ਦਿੰਦਿਆਂ ਆਪਣੇ ਵੱਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਮ.ਪੀ. ਸ. ਮਾਨ ਨੇ ਕਿਹਾ ਕਿ ਸੂਬੇ ਦੇ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਨਾਉਣਾ ਸਰਕਾਰ ਦੀ ਮੁੱਢਲੀ ਜਿੰਮੇਵਾਰੀ ਹੁੰਦੀ ਹੈ ਅਤੇ ਪੰਜਾਬ ਸਰਕਾਰ ਇਹ ਜਿੰਮੇਵਾਰੀ ਨੂੰ ਨਿਭਾਉਣ ਵਿੱਚ ਅਸਫਲ ਰਹੀ ਹੈ, ਉਨ੍ਹਾਂ ਕਿਹਾ ਕਿ ਨਿਗਰਾਨੀ ਰੱਖਣ ਲਈ ਪੰਜਾਬ ਸਰਕਾਰ ਕੋਲ ਅਨੇਕਾਂ ਮਹਿਕਮੇ ਹਨ, ਇਸਦੇ ਬਾਵਜੂਦ ਪੰਜਾਬ ਦੇ ਪਿੰਡਾਂ ਵਿੱਚ ਜਹਿਰੀਲੀ ਸ਼ਰਾਬ ਵਿਕਣਾ ਸਮਝ ਤੋਂ ਪਰੇ ਹੈ, ਉਨ੍ਹਾਂ ਕਿਹਾ ਕਿ ਇਹੋ ਜਿਹੇ ਹਾਲਾਤ ਪਿਛੜੇ ਸੂਬਿਆਂ ਵਿੱਚ ਦੇਖਣ ਨੂੰ ਮਿਲਦੇ ਸਨ ਪਰ ਪੰਜਾਬ ਵਿੱਚ ਇਹੋ ਜਿਹੀ ਮੰਦਭਾਗੀਆਂ ਘਟਨਾਵਾਂ ਵਾਪਰਨਾ ਬੇਹੱਦ ਸ਼ਰਮ ਵਾਲੀ ਗੱਲ ਹੈ, ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਅਸਲ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਪੰਜਾਬ ਵਿੱਚ ਜਹਿਰੀਲੀ ਸ਼ਰਾਬ ਦੇ ਚੱਲ ਰਹੇ ਰੈਕੇਟ ਨੂੰ ਪੂਰੀ ਤਰ੍ਹਾਂ ਬੰਦ ਕਰਵਾਉਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਮੁੜ ਇਹੋ ਜਿਹੀ ਮੰਦਭਾਗੀ ਘਟਨਾ ਨਾ ਵਾਪਰੇ, ਸ. ਮਾਨ ਨੇ ਕਿਹਾ ਕਿ ਇਨ੍ਹਾਂ ਗਰੀਬਾਂ ਦੇ ਘਰ ਉੱਜੜਣ ਲਈ ਸਰਕਾਰ ਦੀ ਲਾਪਰਵਾਹੀ ਜਿੰਮੇਵਾਰ ਹੈ, ਜਿਸਦੇ ਮੁਆਵਜੇ ਦੇ ਰੂਪ ਵਿੱਚ ਸਰਕਾਰ ਨੂੰ ਇਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵੱਲ ਧਿਆਨ ਦੇਣਾ ਚਾਹੀਦੀ ਹੈ, ਉਨ੍ਹਾਂ ਪੀੜਿਤ ਪਰਿਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਅਤੇ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਵੀ ਕੀਤੀ, ਤਾਂ ਜੋ ਪੀੜਿਤਾਂ ਦੇ ਜ਼ਖ਼ਮਾਂ ਉੱਪਰ ਕੁਝ ਮੱਲਮ ਲੱਗ ਸਕੇ, ਇਸ ਮੌਕੇ ਜਥੇਦਾਰ ਹਰਜੀਤ ਸਿੰਘ ਸੰਜੂਮਾਂ, ਜਥੇਦਾਰ ਸ਼ਾਹਬਾਜ ਸਿੰਘ ਡਸਕਾ, ਸਤਨਾਮ ਸਿੰਘ ਰੱਤੋਕੇ, ਮਨਜੀਤ ਸਿੰਘ ਕੁੱਕੂ, ਮਲਕੀਤ ਸਿੰਘ ਬੇਲਾ ਸਮੇਤ ਹੋਰ ਆਗੂ ਅਤੇ ਵਰਕਰ ਵੀ ਹਾਜਰ ਸਨ।






ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਜ਼ਿਲ੍ਹਾ ਚੋਣ ਅਫ਼ਸਰ ਨੇ ਲਿਆ ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ ਦਾ ਜਾਇਜ਼ਾ

# ਸਿਆਸੀ ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਅਤੇ ਝੂਠੀਆਂ ਖ਼ਬਰਾਂ ਤੇ ਰੱਖੀ ਜਾਵੇ ਤਿੱਖੀ ਨਜ਼ਰ- ਜ਼ਿਲ੍ਹਾ ਚੋਣ ਅਫ਼ਸਰ



ਬਠਿੰਡਾ, 26 ਮਾਰਚ (ਗੁਰਜੰਟ ਸਿੰਘ ਨਥੇਹਾ)- ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਅੱਜ ਮੀਡੀਆ ਸਰਟੀਫਿਕੇਸਨ ਤੇ ਮੋਨੀਟਰਿੰਗ ਕਮੇਟੀ (ਐਮਸੀਐਮਸੀ) ਦਾ ਦੌਰਾ ਕਰਕੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਐਮਸੀਐਮਸੀ ਸੈੱਲ ਦੀ ਟੀਮ ਨੂੰ ਸਿਆਸੀ ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਖਬਰਾਂ ਅਤੇ ਝੂਠੀਆਂ ਖਬਰਾਂ 'ਤੇ ਰੱਖੀ ਜਾ ਰਹੀ ਨਜ਼ਰਸਾਨੀ ਲਈ ਹੋਰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਇਲੈਕਟਰੋਨਿਕ ਮੀਡੀਆ, ਸੋਸ਼ਲ ਮੀਡੀਆ ਅਤੇ ਈ ਪੇਪਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰਬਾਜ਼ੀ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਜਾਰੀ ਨਹੀਂ ਕੀਤੀ ਜਾ ਸਕਦੀ ਹੈ। ਇਸੇ ਤਰਾਂ ਪ੍ਰਿੰਟ ਮੀਡੀਆ ਵਿੱਚ ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਕੋਈ ਵੀ ਸਿਆਸੀ ਇਸ਼ਤਿਹਾਰ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਛਪ ਸਕਦਾ ਹੈ। ਇਸ ਦੌਰਾਨ ਸ. ਜਸਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਪੋਸਟਰ ਪੈਫਲਟ ਆਦਿ ਉੱਪਰ ਪ੍ਰਿੰਟਰ ਅਤੇ ਪਬਲਿਸ਼ਰ ਦਾ ਨਾਂ ਛਪਿਆ ਹੋਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ ਤੇ ਬਣੀ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਵੱਲੋਂ ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਵੱਲੋਂ ਚੋਣਾਂ ਦੌਰਾਨ ਲੋਕਾਂ ਨੂੰ ਵੋਟ ਅਧਿਕਾਰ ਪ੍ਰਤੀ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਜਾ ਰਹੀ ਹੈ ਪਰ ਨਾਲ ਹੀ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੋਸ਼ਲ ਮੀਡੀਆ ਤੇ ਆਉਣ ਵਾਲੀਆਂ ਖਬਰਾਂ ਦੀ ਪੁਸ਼ਟੀ ਕੀਤੇ ਬਿਨਾਂ ਉਹਨਾਂ ਨੂੰ ਅੱਗੇ ਸ਼ੇਅਰ ਨਾ ਕੀਤਾ ਜਾਵੇ ਤਾਂ ਜੋ ਝੂਠੀਆਂ ਖਬਰਾਂ ਦੇ ਪਸਾਰ ਨੂੰ ਰੋਕਿਆ ਜਾ ਸਕੇ। ਇਸ ਮੌਕੇ ਮੀਡੀਆ ਸਰਟੀਫਿਕੇਸਨ ਤੇ ਮੋਨੀਟਰਿੰਗ ਕਮੇਟੀ (ਐਮਸੀਐਮਸੀ) ਸੈੱਲ ਦੇ ਮੈਂਬਰ ਸਕੱਤਰ ਸ. ਗੁਰਦਾਸ ਸਿੰਘ, ਮੈਂਬਰ ਸ. ਰੁਬਲ ਕਨੌਂਜੀਆ, ਸ਼੍ਰੀ ਰੋਬਿਨ ਜਿੰਦਲ ਤੋਂ ਇਲਾਵਾ ਐਮਸੀਐਮਸੀ ਟੀਮ ਦੇ ਕਰਮਚਾਰੀ ਆਦਿ ਹਾਜ਼ਰ ਸਨ।

### ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਵੱਲੋਂ ਚਲਾਏ ਜਾ ਰਹੇ ਲੰਗਰਾਂ 'ਚ ਬਲਦੇਵ ਸਿੰਘ ਵਡਾਲਾ ਨੇ ਭਰੀ ਹਾਜ਼ਰੀ

# 27 ਮਾਰਚ ਨੂੰ ਲੰਗਰਾਂ ਦੀ ਹੋਵੇਗੀ ਸਮਾਪਤੀ : ਭਾਈ ਸਾਹਿਬ ਸਿੰਘ

**ਜੰਡਿਆਲਾ ਗੁਰੂ, 26 ਮਾਰਚ ( ਕੁਲਵੰਤ ਸਿੰਘ ਵਿਰਦੀ )**-ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਪਿੰਡ ਵਡਾਲੀ ਡੋਗਰਾਂ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਜੀ ਨੇ ਦੱਸਿਆ ਕਿ ਹੋਲੇ ਮੁਹੱਲੇ ਦੇ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਚਰਨ ਛੋਹ ਪਾਵਨ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨਾਂ ਨੂੰ ਪੰਜਾਬ ਭਰ ਤੋਂ ਅਤੇ ਵਿਦੇਸ਼ਾਂ ਬਾਹਰਲੇ ਸੂਬਿਆਂ ਤੋਂ ਗੁਰੂ ਨਾਨਕ ਲੇਵਾ ਸੰਗਤਾਂ ਭਾਰੀ ਗਿਣਤੀ ਹਾਜ਼ਰੀਆਂ ਭਰਦੀਆਂ ਹਨ ਅਤੇ ਉਨ੍ਹਾਂ ਸੰਗਤਾਂ ਲਈ ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵਡਾਲੀ ਡੋਗਰਾਂ,ਬਾਬਾ ਬਘੇਲ ਸਿੰਘ , ਬਾਬਾ ਅਮਰ ਸਿੰਘ ਜੀ ਦੇ ਸੇਵਾਦਾਰ ਬਾਬਾ ਹਰਭਜਨ ਸਿੰਘ , ਉਹਨਾਂ ਦੇ ਸਾਥੀ , ਬਾਬਾ ਗੁਰਨਾਮ ਸਿੰਘ , ਬਾਬਾ ਸੋਨਾ ਸਿੰਘ , ਬਾਬਾ ਲਾਲ ਸਿੰਘ ਦੇ ਵਿਸ਼ੇਸ਼ ਸਹਿਯੋਗ ਸਦਕਾ ਤੇ ਰੰਧਾਵਾ ਪ੍ਰੀਵਾਰ ਦੇ ਵਿਸ਼ੇਸ਼ ਸਹਿਯੋਗ ਨਾਲ ਰੰਧਾਵਾ ਪ੍ਰੀਵਾਰ ਦੀ ਨਿੱਜੀ ਪ੍ਰੋਪਰਟੀ ਤੇ ਸੰਗਤਾਂ ਲਈ ਲੰਗਰ ਲਗਾਏ ਗਏ ਜਿਨ੍ਹਾਂ ਦੀ ਸਮਾਪਤੀ 27 ਮਾਰਚ ਨੂੰ ਹੋਵੇਗੀ ਲੰਗਰਾਂ ਵਿੱਚ ਵੱਖ ਵੱਖ ਤਰ੍ਹਾਂ ਦੇ ਪਦਾਰਥ ਬਣਾਏ ਗਏ ਅਤੇ ਸੰਗਤਾਂ ਨੂੰ ਫਲ ਫਰੂਟ ਦੇ ਲੰਗਰ ਵੀ ਛਕਾਏ ਜਾ ਰਹੇ ਹਨ ਇਸ ਮੌਕੇ ਸੇਵਾਦਾਰਾਂ ਵਿੱਚੋਂ ਵਿਸ਼ੇਸ਼ ਤੌਰ ਤੇ ਗੁਰਪ੍ਰੀਤ ਸਿੰਘ ਗੋਪੀ , ਬਲਵਿੰਦਰ ਸਿੰਘ , ਭੁਪਿੰਦਰ ਸਿੰਘ ਦੋਜੀ , ਬਲਵੀਰ ਸਿੰਘ , ਬਾਬਾ ਮਹਿਲ ਸਿੰਘ , ਗੁਰਸਾਹਿਬ ਸਿੰਘ , ਸਾਬ ਸਿੰਘ , ਗੁਰਬਾਜ਼ ਸਿੰਘ ਸੁਰਿੰਦਰ ਸਿੰਘ ਰੰਧਾਵਾ , ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗਹਿਰੀ ਮੰਡੀ ਭਗਤ, ਦਿਲਬਾਗ ਸਿੰਘ , ਨਿਰਮਲ ਸਿੰਘ , ਜਸਬੀਰ ਸਿੰਘ , ਗਿਆਨੀ ਸੁਰਜਨ ਸਿੰਘ , ਬੂਟਾ ਸਿੰਘ , ਹਰਭਜਨ ਸਿੰਘ ਸਲਾਹਕਾਰ ਸੇਵਾ ਸੋਸਾਇਟੀ ,ਸੋਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ,ਸਲਾਹਕਾਰ ਹੀਰਾ ਸਿੰਘ, ਦਿਲਜੀਤ ਸਿੰਘ ਜੀਤਾ , ਅਬਜੀਤ ਸਿੰਘ ,ਕੁਲਦੀਪ ਸਿੰਘ , ਬਲਵਿੰਦਰ ਸਿੰਘ , ਕੁਲਦੀਪ ਸਿੰਘ ਚੇਤਾ , ਜਸਬੀਰ ਸਿੰਘ , ਜਗਜੀਤ ਸਿੰਘ , ਹਰਵਿੰਦਰ ਸਿੰਘ , ਐਜਪਾਲ ਸਿੰਘ , ਭੁਪਿੰਦਰ ਸਿੰਘ , ਸੁਖਦੇਵ ਸਿੰਘ , ਬਚਿਤਰ ਸਿੰਘ , ਰਮਨਜੀਤ ਸਿੰਘ , ਗੁਰਪ੍ਰੀਤ ਸਿੰਘ ,ਅਰਸ਼ਦੀਪ ਸਿੰਘ , ਜਗਰੂਪ ਸਿੰਘ , ਬਲਬੀਰ ਸਿੰਘ ਬੀਰਾ , ਰਾਜਨ ਸਿੰਘ , ਪਰਦੀਪ ਸਿੰਘ , ਅਵਤਾਰ ਸਿੰਘ , ਸੁਖਜਿੰਦਰ ਸਿੰਘ, , ਸੁਸਾਇਟੀ ਦੇ ਮੈਂਬਰ ਸੰਦੀਪ ਸਿੰਘ ਭਾਊ , ਸੁਸਾਇਟੀ ਦੇ ਮੈਂਬਰ ਜਗਦੀਸ਼ ਸਿੰਘ , ਗੁਰਪ੍ਰੀਤ ਸਿੰਘ ਪਰੀਤ , ਹਰਦੀਸ਼ ਸਿੰਘ , ਮੇਜਰ ਸਿੰਘ , ਸਿਮਰ ਸਿੰਘ ਸੀਮਰਾ , ਦਿਲਬਾਗ ਸਿੰਘ , ਜਗੀਰ ਸਿੰਘ , ਸਰਪੰਚ ਬੁੱਧ ਸਿੰਘ , ਬਲਜੀਤ ਸਿੰਘ ਡੇਰੇਵਾਲਾ , ਮਨਜੀਤ ਸਿੰਘ , ਲਖਬੀਰ ਸਿੰਘ , ਕਸ਼ਮੀਰ ਸਿੰਘ ,ਸੁਰਜੀਤ ਸਿੰਘ ਆਦਿ ਵੱਲੋਂ ਸੇਵਾ ਕਰਕੇ ਗੁਰੂ ਸੰਗਤਾਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ ।ਅਤੇ ਅੱਜ ਲੰਗਰਾਂ ਵਿੱਚ ਸਦਭਾਵਨਾ ਦਲ ਦੇ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਜੀ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ ਗਈ।



# ਲੋਕਤੰਤਰ ਨੂੰ ਬਹਾਲ ਕਰਨ ਲਈ ਭਾਜਪਾ ਨੂੰ ਸਤਾ ਤੋਂ ਲਾਂਭੇ ਕਰਨਾ ਬਹੁਤ ਜਰੂਰੀ ਹੈ : ਆਪ ਆਗੂ



ਧੂਰੀ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈਡੀ ਵੱਲੋਂ ਸ਼ਰਾਬ ਦੇ ਆਰੋਪ ਤਹਿਤ ਗਿਰਫਤਾਰ ਕਰਨਾ ਸਿਆਸਤ ਤੋਂ ਪ੍ਰੇਰਤ ਹੈ । ਉੱਥੇ ਅਰਵਿੰਦ ਕੇਜਰੀਵਾਲ ਦੀ ਦੇਸ ਭਰ ਵਿੱਚ ਵੱਧ ਰਹੀ ਲੋਕ ਪ੍ਰਿਅਤਾ ਨੂੰ ਨਾ ਬਰਦਾਸ਼ਤ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਬੁਖਲਾਸਟ ਵਿੱਚ ਆਈ ਹੋਈ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਇਕਾਈ ਪ੍ਰਧਾਨ ਗੁਰਮੇਲ ਸਿੰਘ ਚਹਿਲ, ਆਪ ਆਗੂ ਮਾਂ, ਕੁਲਵੰਤ ਸਿੰਘ, ਆਪ ਆਗੂ ਗੁਰਤੇਜ ਸਿੰਘ ਚਹਿਲ ,ਆਪ ਆਗੂ ਜੁਗਰਾਜ ਸਿੰਘ ਧਾਲੀਵਾਲ, ਆਪ ਆਗੂ ਨੱਥਾ ਸਿੰਘ ਚਹਿਲ,ਸ਼ਹੀਦ ਭਗਤ ਸਿੰਘ ਕਲੱਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਚਹਿਲ, ਸਾਬਕਾ ਸਰਪੰਚ ਸੁਖਪਾਲ ਸਿੰਘ ਚਹਿਲ,ਚਰਨਜੀਤ ਸਿੰਘ ਕਾਹਲੋਂ ਨੇ ਕੀਤਾ ।ਆਗੂਆਂ ਨੇ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਦੇਸ਼ ਉੱਪਰ ਇੱਕ ਤਾਨਾਸਾਹੀ ਰਾਜ ਸਾਸਨ ਚਲਾਇਆ ਜਾ ਰਿਹਾ ਹੈ ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਆਗਾਮੀ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ, ਉੱਥੇ ਦੇਸ਼ ਵਿੱਚ ਲੋਕਤੰਤਰ ਨੂੰ ਬਹਾਲ ਕਰਨ ਲਈ ਭਾਜਪਾ ਨੂੰ ਸਤਾ ਤੋਂ ਲਾਂਭੇ ਕਰਨਗੇ ਅਤੇ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਦੀ ਸੋਚ ਤੇ ਦੇ ਰਹੀ ਹੈ ਅਤੇ ਦਿੰਦੀ ਰਹੇਗੀ।

# ਗਰੀਬਾਂ ਦੇ ਬੱਚਿਆਂ ਨੂੰ "ਸਰਬੱਤ ਦੇ ਭਲੇ" ਦੇ ਸੰਕਲਪ ਨਾਲ ਜੋੜਨਾ ਸਲਾਘਾਯੋਗ ਕਾਰਜ : ਪ੍ਰੋ: ਬਾਵਾ ਸਿੰਘ

### ਝੁੱਗੀਆਂ ਵਾਲੇ ਬੱਚਿਆਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨਾ ਵੱਡਾ ਕਦਮ : ਬਲਵੰਤ ਭੀਖੀ



ਫਤਿਹਗੜ੍ਹ ਸਾਹਿਬ ( ਰਣਜੀਤ ਸਿੰਘ ਪੇਧਨੀ ) ਸ੍ਰੀ ਗੁਰੂ ਨਾਨਕ ਸਲੰਮ ਸੇਵਾ ਮਿਸ਼ਨ ( ਪੰਜਾਬ ) ਵੱਲੋਂ ਸਮਾਜ ਸੇਵੀ , ਭਾਨ ਸਿੰਘ ਜੱਸੀ ਦੀ ਅਗਵਾਈ ਵਿੱਚ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਮਾਤਾ ਗੁਜਰੀ ਨਿਵਾਸ ਅਸਥਾਨ ਵਿਖੇ ਝੁੱਗੀਆਂ ਅਤੇ ਸਲਮ ਖੇਤਰਾਂ ਦੇ ਮਿਸ਼ਨ ਵਿੱਚ ਪੜਦੇ ਬੱਚਿਆਂ ਵੱਲੋਂ ਮਹਾਨ ਸ਼ਹੀਦ ਮਾਤਾ ਗੁਜਰੀ ਕੌਰ , ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਂਟ ਕਰਦੇ ਹੋਏ ਆਪਣਾ ਸਲਾਨਾ ਸਮਾਗਮ ਕੀਤਾ। ਇਸ ਮੌਕੇ ਧਾਰਮਿਕ ਗੀਤ ਸੰਗੀਤ , ਸੁੰਦਰ ਲਿਖਿਆਈ , ਅਤੇ ਸਲਾਈ ਸੈਂਟਰਾਂ ਦੇ ਮੁਕਾਬਲਿਆਂ ਵਿੱਚੋਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਅਤੇ ਭੈਣਾਂ ਨੂੰ ਮੁੱਖ ਮਹਿਮਾਨ ਪ੍ਰੋ: ਬਾਵਾ ਸਿੰਘ ਸਿੰਘ, ਉਪ ਚੇਅਰਮੈਨ ਭਾਰਤੀ ਘੱਟ ਗਿਣਤੀਆਂ ਕਮਿਸ਼ਨ (ਭਾਰਤ ਸਰਕਾਰ ) ਭਾਈ ਤੇਜਿੰਦਰ ਸਿੰਘ ਸਿਕਰਾਮੈਂਟੋ, ਰਿਟਾ: ਚੀਫ ਇੰਜੀ: ਸਰੂਪ ਸਿੰਘ , ਆਈ.ਟੀ.ਆਈ ਐਮ: ਯੂਨੀ: ਦੇ ਸੂਬਾ ਪ੍ਰਧਾਨ ਇੰਜੀ: ਅਵਤਾਰ ਸਿੰਘ ਸ਼ੇਰਗਿੱਲ , ਪ੍ਰਸਿੱਧ ਬੁਲਾਰੇ ਸਾਥੀ ਬਲਵੰਤ ਭੀਖੀ ਅਤੇ ਭਾਨ ਸਿੰਘ ਜੱਸੀ ਵੱਲੋਂ ਜੇਤੂ ਬੱਚਿਆਂ ਨੂੰ ਨਗਦ ਰਾਸ਼ੀ/ ਸਨਮਾਨ ਚਿੰਨ ਭੇਂਟ ਕਰਕੇ ਉਹਨਾਂ ਦਾ ਸਨਮਾਨ ਕੀਤਾ, ਸੰਗੀਤ ਮੁਕਾਬਲਿਆਂ ਵਿੱਚੋਂ ਜੇਤੂ ਰਹੀ ਝੁੱਗੀਆਂ ਬਰਨਾਲਾ ਦੀ ਬੱਚੀ ਪੂਜਾ ਵੱਲੋਂ ਗਾਏ ਗੀਤ , ਖਾਣੀਆਂ ਤਾਂ ਬੰਦਿਆ ਤੂੰ ਦੋ ਰੋਟੀਆਂ !! ਸਰਹੰਦ ਦੀ ਬੇਟੀ ਅਨੀਤਾ ਵੱਲੋਂ , ਮੈਨੂੰ ਕੌਣ ਪੁੱਛਦਾ ਸੀ , ਸਭ ਤੇਰੀਆਂ ਵਡਿਆਈਆਂ ਨੇ !! ਗਾਕੇ ਲੋਕਾਂ ਦੇ ਦਿਲ ਜਿੱਤੇ, ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਬਾਵਾ ਸਿੰਘ ਅਤੇ ਸਾਥੀ ਬਲਵੰਤ ਸਿੰਘ ਭੀਖੀ ਅਤੇ ਭਾਈ ਤੇਜਿੰਦਰ ਸਿੰਘ ਨੇ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਝੁੱਗੀਆਂ ਅਤੇ ਸਲਮ ਖੇਤਰਾਂ ਵਿੱਚ ਰਹਿਣ ਵਾਲੇ ਗਰੀਬ ਬੱਚਿਆਂ ਨੂੰ ਮੁਫਤ ਪੜਾਉਣ ਅਤੇ ਨੌਜਵਾਨ ਧੀਆਂ ਨੂੰ ਮਾਤਾ ਗੁਜਰੀ ਕੌਰ ਜੀ ਦੀ ਯਾਦ ਵਿੱਚ ਮੁਫਤ ਸਿਲਾਈ ਸੈਂਟਰ ਚਲਾਉਣ ਦੀ ਸੇਵਾ ਦੇ ਨਾਲ ਨਾਲ ਗੁਰੂ ਨਾਨਕ ਬਾਬਾ ਜੀ ਦੇ ਸਰਬੱਤ ਦੇ ਭਲੇ ਦੇ "ਸਿੱਖ ਸਿਧਾਂਤ" ਨਾਲ ਜੋੜਨਾ ਬੇਹੱਦ ਸਲਾਘਾਯੋਗ ਕਦਮ ਹੈ, ਇਸ ਮੌਕੇ ਸੰਸਥਾ ਦੇ ਸੇਵਾਦਾਰ ਭਾਈ ਤੇਜਿੰਦਰ ਸਿੰਘ ਦੀ ਮਾਤਾ ਸਵ: ਸ੍ਰੀਮਤੀ ਸੁਰਜੀਤ ਕੌਰ ਜੀ ਨੂੰ " ਸਤਿਨਾਮ ਵਾਹਿਗੁਰੂ " ਦਾ ਜਾਪ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ। ਪੰਜਾਬ ਦੇ ਚਾਰ ਜ਼ਿਲਿਆਂ ਤੋਂ ਪਹੁੰਚੇ ਸੈਂਕੜੇ ਝੁੱਗੀਆਂ ਅਤੇ ਸਲੰਮ ਖੇਤਰਾਂ ਦੇ ਇਹਨਾਂ ਬੱਚਿਆਂ ਦੇ ਪ੍ਰੋਗਰਾਮ ਵਿੱਚ ਸ: ਗੁਰਚਰਨ ਸਿੰਘ ਜਵੰਦਾ , ਡਾ: ਰਾਮਪਾਲ ਸਿੰਘ ਭਵਾਨੀਗੜ੍ਹ , ਸੁਖਵਿੰਦਰ ਸਿੰਘ ਪਟਿਆਲਾ , ਮੇਲਾ ਸਿੰਘ , ਸਮਾਜ ਸੇਵੀ, ਤਰਲੋਚਨ ਸਿੰਘ ਲਾਲੀ , ਇੰਜੀ: ਕਰਮਜੀਤ ਸਿੰਘ , ਗੁਰਪ੍ਰੀਤ ਸਿੰਘ ਪਟਿਆਲਾ , ਇੰਜੀ: ਜਗਦੀਪ ਸਿੰਘ ਗੁੱਜਰਾਂ , ਸਰਪੰਚ ਯੂਨੀ: ਸੰਗਰੂਰ ਦੇ ਪ੍ਰਧਾਨ ਜਸਬੀਰ ਸਿੰਘ ਛੰਨਾ, ਮੁਲਖਾ ਸਿੰਘ ਕੁੰਨਰ, ਡਾ: ਗੁਰਜੰਟ ਸਿੰਘ ਜੱਲਾ ਆਦਿ ਸ਼ਖਸੀਅਤਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ, ਅੰਤ ਵਿੱਚ ਮਿਸ਼ਨ ਵਿੱਚ ਪੜ੍ਹਕੇ +2 ਅਤੇ ਡਿਗਰੀਆਂ ਪ੍ਰਾਪਤ ਕਰ ਚੁੱਕੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਦਿੱਲੀ ਸਰਾਬ ਘੁਟਾਲਾ ਕਰਕੇ ਕੇਜਰੀਵਾਲ ਨੇ ਜੋ ਬੀਜਿਆ ਉਹੀ ਵੱਢਿਆ ਹੈ ਜਿੰਦਲ, ਮਿੱਤਲ, ਜਿੰਦਲ



ਧੂਰੀ ( ਰਣਜੀਤ ਸਿੰਘ ਪੇਧਨੀ ) ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਭੁਪੇਸ਼ ਜਿੰਦਲ, ਬੀਜੇਪੀ ਦੇ ਜਿਲ੍ਹਾ ਮੀਤ ਕ੍ਰਿਸਨ ਗੋਪਾਲ ਨੀਲੂ ਮਿੱਤਲ ਅਤੇ ਪ੍ਰਦੇਸ਼ ਕਾਰਜਕਾਰੀ ਮੈਂਬਰ ਜਗਦੇਵ ਜਿੰਦਲ ਜੱਗਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਦੀ ਗਿਰਫਤਾਰੀ ਨੂੰ ਲੈ ਕੇ ਆਪ ਆਗੂਆਂ ਵੱਲੋਂ ਭਾਜਪਾ ਨੂੰ ਇਸ ਲਈ ਜਿੰਮੇਵਾਰ ਠਹਿਰਾਏ ਜਾਣ ਦੇ ਦੋਸਾਂ ਦਾ ਖੰਡਨ ਕਰਦਿਆਂ ਕਿਹਾ ਕਿ ਦਿੱਲੀ ਵਿੱਚ ਕੇਜਰੀਵਾਲ ਦੀ ਸਰਕਾਰ ਨੇ ਜੋ ਬੀਜਿਆ ਹੈ ਉਹੀ ਹੀ ਵੱਢ ਰਹੀ ਹੈ, ਕਿਉਂਕਿ ਈਡੀ ਵੱਲੋਂ ਕਈ ਵਾਰ ਕਾਨੂੰਨੀ ਨੋਟਿਸ ਭੇਜੇ ਜਾਣ ਬਾਅਦ ਵੀ ਸਰਾਬ ਨੀਤੀ ਤੇ ਆਪ ਸਰਕਾਰ ਦੇ ਮੁੱਖ ਮੰਤਰੀ ਨੇ ਕਾਨੂੰਨ ਰਾਹੀਂ ਜਵਾਬ ਦੇਣ ਦੀ ਥਾਂ, ਆਪਣੀ ਅਖੌਤੀ ਇਮਾਨਦਾਰੀ ਨੂੰ ਅੱਗੇ ਰੱਖਿਆ ਜਦੋਂ ਕਿ ਅਸਲੀਅਤ ਇਹ ਹੈ ਕਿ ਦਿੱਲੀ ਅੰਦਰ ਮਖੌਟੇ ਵਾਲੀ ਆਪ ਸਰਕਾਰ ਚੱਲ ਰਹੀ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਜਾਂਚ ਏਜੰਸੀਆਂ ਨੂੰ ਕਾਨੂੰਨ ਅਨੁਸਾਰ ਕੰਮ ਕਰਨ ਦੀ ਖੁੱਲ ਦਿੱਤੀ ਹੋਈ ਹੈ, ਜਦਕਿ ਕੇਜਰੀਵਾਲ ਦੀ ਸਰਾਬ ਘੁਟਾਲੇ ਨਾਲ ਜੁੜੀਆਂ ਤਾਰਾਂ ਦੇ ਮੱਦੇ ਨਜ਼ਰ ਹੀ ਮਾਨਯੋਗ ਉੱਚ ਅਦਾਲਤ ਨੇ ਵੀ ਇਹਨਾਂ ਨੂੰ ਕੋਈ ਰਾਹਤ ਨਹੀਂ ਦਿੱਤੀ, ਜਿਸ ਤੋਂ ਬਾਅਦ ਹੀ ਕਾਨੂੰਨ ਨੇ ਆਪਣਾ ਰਾਹ ਅਖਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਜਰੀਵਾਲ ਆਇਆ ਇਮਾਨਦਾਰ ਅਤੇ ਸੱਚੇ ਆਗੂ ਹਨ ਤੇ ਉਹ ਬੇਗੁਨਾਹ ਹੋ ਕੇ ਜਰੂਰ ਬਾਹਰ ਆਉਣਗੇ ਅਤੇ ਦਿੱਲੀ ਵਾਂਗ ਪੰਜਾਬ ਅੰਦਰ ਵੀ ਸ਼ਰਾਬ ਨੀਤੀ ਨੂੰ ਘੋਖਣ ਦੀ ਲੋੜ ਹੈ ਤਾਂ ਜੋ ਸੱਚਾਈ ਬਾਹਰ ਆ ਸਕੇ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੰਮਤ ਪਪਪ ਨਾਨਕਸ਼ਾਹੀ ਕੈਲੰਡਰ


ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ


ਤਖ਼ਤ ਸ੍ਰੀ ਹਰਿਮੰਦਰ ਜੀ
ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ
ਤਲਵੰਡੀ ਸਾਬੋ (ਬਠਿੰਡਾ)


ਤਖ਼ਤ ਸ੍ਰੀ ਹਜ਼ੂਰ ਸਾਹਿਬ
ਅਬਿਚਲ ਨਗਰ (ਨੰਦੇੜ)



ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

(ਸੰਨ 2024–25)

### ਮਾਰਚ-24 | ਚੇਤ | ਅਪ੍ਰੈਲ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ 14 ਮਾਰਚ | ੨ 15 ਮਾਰਚ | ੩ 16 ਮਾਰਚ |
| ੪ 17 ਮਾਰਚ | ੫ 18 ਮਾਰਚ | ੬ 19 ਮਾਰਚ | ੭ 20 ਮਾਰਚ | ੮ 21 ਮਾਰਚ | ੯ 22 ਮਾਰਚ | ੧੦ 23 ਮਾਰਚ |
| ੧੧ 24 ਮਾਰਚ | ੧੨ 25 ਮਾਰਚ | ੧੩ 26 ਮਾਰਚ | ੧੪ 27 ਮਾਰਚ | ੧੫ 28 ਮਾਰਚ | ੧੬ 29 ਮਾਰਚ | ੧੭ 30 ਮਾਰਚ |
| ੧੮ 31 ਮਾਰਚ | ੧੯ 1 ਅਪ੍ਰੈਲ | ੨੦ 2 ਅਪ੍ਰੈਲ | ੨੧ 3 ਅਪ੍ਰੈਲ | ੨੨ 4 ਅਪ੍ਰੈਲ | ੨੩ 5 ਅਪ੍ਰੈਲ | ੨੪ 6 ਅਪ੍ਰੈਲ |
| ੨੫ 7 ਅਪ੍ਰੈਲ | ੨੬ 8 ਅਪ੍ਰੈਲ | ੨੭ 9 ਅਪ੍ਰੈਲ | ੨੮ 10 ਅਪ੍ਰੈਲ | ੨੯ 11 ਅਪ੍ਰੈਲ | ੩੦ 12 ਅਪ੍ਰੈਲ | |

### ਅਪ੍ਰੈਲ-24 | ਵੈਸਾਖ | ਮਈ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੦ 12 ਮਈ | ੩੧ 13 ਮਈ | | | | | ੧ 13 ਅਪ੍ਰੈਲ |
| ੨ 14 ਅਪ੍ਰੈਲ | ੩ 15 ਅਪ੍ਰੈਲ | ੪ 16 ਅਪ੍ਰੈਲ | ੫ 17 ਅਪ੍ਰੈਲ | ੬ 18 ਅਪ੍ਰੈਲ | ੭ 19 ਅਪ੍ਰੈਲ | ੮ 20 ਅਪ੍ਰੈਲ |
| ੯ 21 ਅਪ੍ਰੈਲ | ੧੦ 22 ਅਪ੍ਰੈਲ | ੧੧ 23 ਅਪ੍ਰੈਲ | ੧੨ 24 ਅਪ੍ਰੈਲ | ੧੩ 25 ਅਪ੍ਰੈਲ | ੧੪ 26 ਅਪ੍ਰੈਲ | ੧੫ 27 ਅਪ੍ਰੈਲ |
| ੧੬ 28 ਅਪ੍ਰੈਲ | ੧੭ 29 ਅਪ੍ਰੈਲ | ੧੮ 30 ਅਪ੍ਰੈਲ | ੧੯ 1 ਮਈ | ੨੦ 2 ਮਈ | ੨੧ 3 ਮਈ | ੨੨ 4 ਮਈ |
| ੨੩ 5 ਮਈ | ੨੪ 6 ਮਈ | ੨੫ 7 ਮਈ | ੨੬ 8 ਮਈ | ੨੭ 9 ਮਈ | ੨੮ 10 ਮਈ | ੨੯ 11 ਮਈ |

### ਮਈ-24 | ਜੇਠ | ਜੂਨ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ 14 ਮਈ | ੨ 15 ਮਈ | ੩ 16 ਮਈ | ੪ 17 ਮਈ | ੫ 18 ਮਈ |
| ੬ 19 ਮਈ | ੭ 20 ਮਈ | ੮ 21 ਮਈ | ੯ 22 ਮਈ | ੧੦ 23 ਮਈ | ੧੧ 24 ਮਈ | ੧੨ 25 ਮਈ |
| ੧੩ 26 ਮਈ | ੧੪ 27 ਮਈ | ੧੫ 28 ਮਈ | ੧੬ 29 ਮਈ | ੧੭ 30 ਮਈ | ੧੮ 31 ਮਈ | ੧੯ 1 ਜੂਨ |
| ੨੦ 2 ਜੂਨ | ੨੧ 3 ਜੂਨ | ੨੨ 4 ਜੂਨ | ੨੩ 5 ਜੂਨ | ੨੪ 6 ਜੂਨ | ੨੫ 7 ਜੂਨ | ੨੬ 8 ਜੂਨ |
| ੨੭ 9 ਜੂਨ | ੨੮ 10 ਜੂਨ | ੨੯ 11 ਜੂਨ | ੩੦ 12 ਜੂਨ | ੩੧ 13 ਜੂਨ | | |

### ਜੂਨ-24 | ਹਾੜ | ਜੁਲਾਈ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ 14 ਜੁਲਾਈ | 32 15 ਜੁਲਾਈ | | | | ੧ 14 ਜੂਨ | ੨ 15 ਜੂਨ |
| ੩ 16 ਜੂਨ | ੪ 17 ਜੂਨ | ੫ 18 ਜੂਨ | ੬ 19 ਜੂਨ | ੭ 20 ਜੂਨ | ੮ 21 ਜੂਨ | ੯ 22 ਜੂਨ |
| ੧੦ 23 ਜੂਨ | ੧੧ 24 ਜੂਨ | ੧੨ 25 ਜੂਨ | ੧੩ 26 ਜੂਨ | ੧੪ 27 ਜੂਨ | ੧੫ 28 ਜੂਨ | ੧੬ 29 ਜੂਨ |
| ੧੭ 30 ਜੂਨ | ੧੮ 1 ਜੁਲਾਈ | ੧੯ 2 ਜੁਲਾਈ | ੨੦ 3 ਜੁਲਾਈ | ੨੧ 4 ਜੁਲਾਈ | ੨੨ 5 ਜੁਲਾਈ | ੨੩ 6 ਜੁਲਾਈ |
| ੨੪ 7 ਜੁਲਾਈ | ੨੫ 8 ਜੁਲਾਈ | ੨੬ 9 ਜੁਲਾਈ | ੨੭ 10 ਜੁਲਾਈ | ੨੮ 11 ਜੁਲਾਈ | ੨੯ 12 ਜੁਲਾਈ | ੩੦ 13 ਜੁਲਾਈ |

### ਜੁਲਾਈ-24 | ਸਾਵਣ | ਅਗਸਤ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ 16 ਜੁਲਾਈ | ੨ 17 ਜੁਲਾਈ | ੩ 18 ਜੁਲਾਈ | ੪ 19 ਜੁਲਾਈ | ੫ 20 ਜੁਲਾਈ |
| ੬ 21 ਜੁਲਾਈ | ੭ 22 ਜੁਲਾਈ | ੮ 23 ਜੁਲਾਈ | ੯ 24 ਜੁਲਾਈ | ੧੦ 25 ਜੁਲਾਈ | ੧੧ 26 ਜੁਲਾਈ | ੧੨ 27 ਜੁਲਾਈ |
| ੧੩ 28 ਜੁਲਾਈ | ੧੪ 29 ਜੁਲਾਈ | ੧੫ 30 ਜੁਲਾਈ | ੧੬ 31 ਜੁਲਾਈ | ੧੭ 1 ਅਗਸਤ | ੧੮ 2 ਅਗਸਤ | ੧੯ 3 ਅਗਸਤ |
| ੨੦ 4 ਅਗਸਤ | ੨੧ 5 ਅਗਸਤ | ੨੨ 6 ਅਗਸਤ | ੨੩ 7 ਅਗਸਤ | ੨੪ 8 ਅਗਸਤ | ੨੫ 9 ਅਗਸਤ | ੨੬ 10 ਅਗਸਤ |
| ੨੭ 11 ਅਗਸਤ | ੨੮ 12 ਅਗਸਤ | ੨੯ 13 ਅਗਸਤ | ੩੦ 14 ਅਗਸਤ | ੩੧ 15 ਅਗਸਤ | | |

### ਅਗਸਤ-24 | ਭਾਦੋਂ | ਸਤੰਬਰ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ 15 ਸਤੰਬਰ | | | | | ੧ 16 ਅਗਸਤ | ੨ 17 ਅਗਸਤ |
| ੩ 18 ਅਗਸਤ | ੪ 19 ਅਗਸਤ | ੫ 20 ਅਗਸਤ | ੬ 21 ਅਗਸਤ | ੭ 22 ਅਗਸਤ | ੮ 23 ਅਗਸਤ | ੯ 24 ਅਗਸਤ |
| ੧੦ 25 ਅਗਸਤ | ੧੧ 26 ਅਗਸਤ | ੧੨ 27 ਅਗਸਤ | ੧੩ 28 ਅਗਸਤ | ੧੪ 29 ਅਗਸਤ | ੧੫ 30 ਅਗਸਤ | ੧੬ 31 ਅਗਸਤ |
| ੧੭ 1 ਸਤੰਬਰ | ੧੮ 2 ਸਤੰਬਰ | ੧੯ 3 ਸਤੰਬਰ | ੨੦ 4 ਸਤੰਬਰ | ੨੧ 5 ਸਤੰਬਰ | ੨੨ 6 ਸਤੰਬਰ | ੨੩ 7 ਸਤੰਬਰ |
| ੨੪ 8 ਸਤੰਬਰ | ੨੫ 9 ਸਤੰਬਰ | ੨੬ 10 ਸਤੰਬਰ | ੨੭ 11 ਸਤੰਬਰ | ੨੮ 12 ਸਤੰਬਰ | ੨੯ 13 ਸਤੰਬਰ | ੩੦ 14 ਸਤੰਬਰ |

### ਸਤੰਬਰ-24 | ਅੱਸੂ | ਅਕਤੂਬਰ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | ੧ 16 ਸਤੰਬਰ | ੨ 17 ਸਤੰਬਰ | ੩ 18 ਸਤੰਬਰ | ੪ 19 ਸਤੰਬਰ | ੫ 20 ਸਤੰਬਰ | ੬ 21 ਸਤੰਬਰ |
| ੭ 22 ਸਤੰਬਰ | ੮ 23 ਸਤੰਬਰ | ੯ 24 ਸਤੰਬਰ | ੧੦ 25 ਸਤੰਬਰ | ੧੧ 26 ਸਤੰਬਰ | ੧੨ 27 ਸਤੰਬਰ | ੧੩ 28 ਸਤੰਬਰ |
| ੧੪ 29 ਸਤੰਬਰ | ੧੫ 30 ਸਤੰਬਰ | ੧੬ 1 ਅਕਤੂਬਰ | ੧੭ 2 ਅਕਤੂਬਰ | ੧੮ 3 ਅਕਤੂਬਰ | ੧੯ 4 ਅਕਤੂਬਰ | ੨੦ 5 ਅਕਤੂਬਰ |
| ੨੧ 6 ਅਕਤੂਬਰ | ੨੨ 7 ਅਕਤੂਬਰ | ੨੩ 8 ਅਕਤੂਬਰ | ੨੪ 9 ਅਕਤੂਬਰ | ੨੫ 10 ਅਕਤੂਬਰ | ੨੬ 11 ਅਕਤੂਬਰ | ੨੭ 12 ਅਕਤੂਬਰ |
| ੨੮ 13 ਅਕਤੂਬਰ | ੨੯ 14 ਅਕਤੂਬਰ | ੩੦ 15 ਅਕਤੂਬਰ | ੩੧ 16 ਅਕਤੂਬਰ | | | |

### ਅਕਤੂਬਰ-24 | ਕੱਤਕ | ਨਵੰਬਰ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ 17 ਅਕਤੂਬਰ | ੨ 18 ਅਕਤੂਬਰ | ੩ 19 ਅਕਤੂਬਰ |
| ੪ 20 ਅਕਤੂਬਰ | ੫ 21 ਅਕਤੂਬਰ | ੬ 22 ਅਕਤੂਬਰ | ੭ 23 ਅਕਤੂਬਰ | ੮ 24 ਅਕਤੂਬਰ | ੯ 25 ਅਕਤੂਬਰ | ੧੦ 26 ਅਕਤੂਬਰ |
| ੧੧ 27 ਅਕਤੂਬਰ | ੧੨ 28 ਅਕਤੂਬਰ | ੧੩ 29 ਅਕਤੂਬਰ | ੧੪ 30 ਅਕਤੂਬਰ | ੧੫ 31 ਅਕਤੂਬਰ | ੧੬ 1 ਨਵੰਬਰ | ੧੭ 2 ਨਵੰਬਰ |
| ੧੮ 3 ਨਵੰਬਰ | ੧੯ 4 ਨਵੰਬਰ | ੨੦ 5 ਨਵੰਬਰ | ੨੧ 6 ਨਵੰਬਰ | ੨੨ 7 ਨਵੰਬਰ | ੨੩ 8 ਨਵੰਬਰ | ੨੪ 9 ਨਵੰਬਰ |
| ੨੫ 10 ਨਵੰਬਰ | ੨੬ 11 ਨਵੰਬਰ | ੨੭ 12 ਨਵੰਬਰ | ੨੮ 13 ਨਵੰਬਰ | ੨੯ 14 ਨਵੰਬਰ | ੩੦ 15 ਨਵੰਬਰ | |

### ਨਵੰਬਰ-24 | ਮੱਘਰ | ਦਸੰਬਰ-24

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | | | ੧ 16 ਨਵੰਬਰ |
| ੨ 17 ਨਵੰਬਰ | ੩ 18 ਨਵੰਬਰ | ੪ 19 ਨਵੰਬਰ | ੫ 20 ਨਵੰਬਰ | ੬ 21 ਨਵੰਬਰ | ੭ 22 ਨਵੰਬਰ | ੮ 23 ਨਵੰਬਰ |
| ੯ 24 ਨਵੰਬਰ | ੧੦ 25 ਨਵੰਬਰ | ੧੧ 26 ਨਵੰਬਰ | ੧੨ 27 ਨਵੰਬਰ | ੧੩ 28 ਨਵੰਬਰ | ੧੪ 29 ਨਵੰਬਰ | ੧੫ 30 ਨਵੰਬਰ |
| ੧੬ 1 ਦਸੰਬਰ | ੧੭ 2 ਦਸੰਬਰ | ੧੮ 3 ਦਸੰਬਰ | ੧੯ 4 ਦਸੰਬਰ | ੨੦ 5 ਦਸੰਬਰ | ੨੧ 6 ਦਸੰਬਰ | ੨੨ 7 ਦਸੰਬਰ |
| ੨੩ 8 ਦਸੰਬਰ | ੨੪ 9 ਦਸੰਬਰ | ੨੫ 10 ਦਸੰਬਰ | ੨੬ 11 ਦਸੰਬਰ | ੨੭ 12 ਦਸੰਬਰ | ੨੮ 13 ਦਸੰਬਰ | ੨੯ 14 ਦਸੰਬਰ |

### ਦਸੰਬਰ-24 | ਪੋਹ | ਜਨਵਰੀ-25

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੧ 15 ਦਸੰਬਰ | ੨ 16 ਦਸੰਬਰ | ੩ 17 ਦਸੰਬਰ | ੪ 18 ਦਸੰਬਰ | ੫ 19 ਦਸੰਬਰ | ੬ 20 ਦਸੰਬਰ | ੭ 21 ਦਸੰਬਰ |
| ੮ 22 ਦਸੰਬਰ | ੯ 23 ਦਸੰਬਰ | ੧੦ 24 ਦਸੰਬਰ | ੧੧ 25 ਦਸੰਬਰ | ੧੨ 26 ਦਸੰਬਰ | ੧੩ 27 ਦਸੰਬਰ | ੧੪ 28 ਦਸੰਬਰ |
| ੧੫ 29 ਦਸੰਬਰ | ੧੬ 30 ਦਸੰਬਰ | ੧੭ 31 ਦਸੰਬਰ | ੧੮ 1 ਜਨਵਰੀ | ੧੯ 2 ਜਨਵਰੀ | ੨੦ 3 ਜਨਵਰੀ | ੨੧ 4 ਜਨਵਰੀ |
| ੨੨ 5 ਜਨਵਰੀ | ੨੩ 6 ਜਨਵਰੀ | ੨੪ 7 ਜਨਵਰੀ | ੨੫ 8 ਜਨਵਰੀ | ੨੬ 9 ਜਨਵਰੀ | ੨੭ 10 ਜਨਵਰੀ | ੨੮ 11 ਜਨਵਰੀ |
| ੨੯ 12 ਜਨਵਰੀ | ੩੦ 13 ਜਨਵਰੀ | | | | | |

### ਜਨਵਰੀ-25 | ਮਾਘ | ਫਰਵਰੀ-25

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ 14 ਜਨਵਰੀ | ੨ 15 ਜਨਵਰੀ | ੩ 16 ਜਨਵਰੀ | ੪ 17 ਜਨਵਰੀ | ੫ 18 ਜਨਵਰੀ |
| ੬ 19 ਜਨਵਰੀ | ੭ 20 ਜਨਵਰੀ | ੮ 21 ਜਨਵਰੀ | ੯ 22 ਜਨਵਰੀ | ੧੦ 23 ਜਨਵਰੀ | ੧੧ 24 ਜਨਵਰੀ | ੧੨ 25 ਜਨਵਰੀ |
| ੧੩ 26 ਜਨਵਰੀ | ੧੪ 27 ਜਨਵਰੀ | ੧੫ 28 ਜਨਵਰੀ | ੧੬ 29 ਜਨਵਰੀ | ੧੭ 30 ਜਨਵਰੀ | ੧੮ 31 ਜਨਵਰੀ | ੧੯ 1 ਫਰਵਰੀ |
| ੨੦ 2 ਫਰਵਰੀ | ੨੧ 3 ਫਰਵਰੀ | ੨੨ 4 ਫਰਵਰੀ | ੨੩ 5 ਫਰਵਰੀ | ੨੪ 6 ਫਰਵਰੀ | ੨੫ 7 ਫਰਵਰੀ | ੨੬ 8 ਫਰਵਰੀ |
| ੨੭ 9 ਫਰਵਰੀ | ੨੮ 10 ਫਰਵਰੀ | ੨੯ 11 ਫਰਵਰੀ | | | | |

### ਫਰਵਰੀ-25 | ਫੱਗਣ | ਮਾਰਚ-25

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | ੧ 12 ਫਰਵਰੀ | ੨ 13 ਫਰਵਰੀ | ੩ 14 ਫਰਵਰੀ | ੪ 15 ਫਰਵਰੀ |
| ੫ 16 ਫਰਵਰੀ | ੬ 17 ਫਰਵਰੀ | ੭ 18 ਫਰਵਰੀ | ੮ 19 ਫਰਵਰੀ | ੯ 20 ਫਰਵਰੀ | ੧੦ 21 ਫਰਵਰੀ | ੧੧ 22 ਫਰਵਰੀ |
| ੧੨ 23 ਫਰਵਰੀ | ੧੩ 24 ਫਰਵਰੀ | ੧੪ 25 ਫਰਵਰੀ | ੧੫ 26 ਫਰਵਰੀ | ੧੬ 27 ਫਰਵਰੀ | ੧੭ 28 ਫਰਵਰੀ | ੧੮ 1 ਮਾਰਚ |
| ੧੯ 2 ਮਾਰਚ | ੨੦ 3 ਮਾਰਚ | ੨੧ 4 ਮਾਰਚ | ੨੨ 5 ਮਾਰਚ | ੨੩ 6 ਮਾਰਚ | ੨੪ 7 ਮਾਰਚ | ੨੫ 8 ਮਾਰਚ |
| ੨੬ 9 ਮਾਰਚ | ੨੭ 10 ਮਾਰਚ | ੨੮ 11 ਮਾਰਚ | ੨੯ 12 ਮਾਰਚ | ੩੦ 13 ਮਾਰਚ | | |

● ਸੰਗਰਾਂਦ | ● ਮੱਸਿਆ | ● ਪੂਰਨਮਾਸ਼ੀ | ਗੁਰਪੁਰਬ | ਇਤਿਹਾਸਕ ਦਿਹਾੜੇ | ਸਰਕਾਰੀ ਛੁੱਟੀਆਂ | ਭਗਤ ਸਾਹਿਬਾਨ ਦੇ ਦਿਹਾੜੇ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ 556 | 01 ਚੇਤ |
| ਸ਼ਹੀਦੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ | 01 ਚੇਤ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ | 02 ਚੇਤ |
| ਸ਼ਹੀਦੀ ਸ. ਭਗਤ ਸਿੰਘ | 10 ਚੇਤ |
| ਸ਼ਹੀਦੀ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ ਜੀ | 12 ਚੇਤ |
| ਹੋਲਾ ਮਹੱਲਾ | 13 ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 25 ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 27 ਚੇਤ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | 27 ਚੇਤ |
| ਜੋਤੀ-ਜੋਤਿ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 30 ਚੇਤ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 01 ਵੈਸਾਖ |
| ਖ਼ਾਲਸਾ ਸਾਜਣਾ ਦਿਵਸ (ਵੈਸਾਖੀ) | 01 ਵੈਸਾਖ |
| ਸਿੱਖ ਦਸਤਾਰ ਦਿਵਸ | 01 ਵੈਸਾਖ |
| ਜਨਮ ਦਿਹਾੜਾ ਭਗਤ ਧੰਨਾ ਜੀ | 08 ਵੈਸਾਖ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 10 ਵੈਸਾਖ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 10 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 17 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 18 ਵੈਸਾਖ |
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | 21 ਵੈਸਾਖ |
| ਜਨਮ ਸ. ਜੱਸਾ ਸਿੰਘ ਜੀ ਰਾਮਗੜ੍ਹੀਆ | 23 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 27 ਵੈਸਾਖ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | 30 ਵੈਸਾਖ |
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | 03 ਜੇਠ |
| ਜਨਮ ਸ. ਜੱਸਾ ਸਿੰਘ ਜੀ ਆਹਲੂਵਾਲੀਆ | 05 ਜੇਠ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 09 ਜੇਠ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | 09 ਜੇਠ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 18 ਜੇਠ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (1984) | 22 ਜੇਠ |
| ਸ਼ਹੀਦੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ | 24 ਜੇਠ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 28 ਜੇਠ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 09 ਹਾੜ |
| ਜਨਮ ਦਿਹਾੜਾ ਭਗਤ ਕਬੀਰ ਜੀ | 09 ਹਾੜ |
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | 11 ਹਾੜ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | 13 ਹਾੜ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | 25 ਹਾੜ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | 01 ਸਾਵਣ |
| ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ | 01 ਸਾਵਣ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 14 ਸਾਵਣ |
| ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) | 24 ਸਾਵਣ |
| ਭਾਰਤ ਦਾ ਅਜ਼ਾਦੀ ਦਿਵਸ | 31 ਸਾਵਣ |
| ਜੋੜ-ਮੇਲਾ ਬਾਬਾ ਬਕਾਲਾ | 04 ਭਾਦੋਂ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 14 ਭਾਦੋਂ |
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 20 ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 21 ਭਾਦੋਂ |
| ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 22 ਭਾਦੋਂ |
| ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ (ਬਟਾਲਾ) | 26 ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 01 ਅੱਸੂ |
| ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) 450 ਸਾਲਾ | 03 ਅੱਸੂ |
| ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 07 ਅੱਸੂ |
| ਜੋਤੀ-ਜੋਤਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 12 ਅੱਸੂ |
| ਦਰਬਾਰ ਖ਼ਾਲਸਾ (ਦੁਸਹਿਰਾ) | 27 ਅੱਸੂ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 03 ਕੱਤਕ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | 07 ਕੱਤਕ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 09 ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 09 ਕੱਤਕ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | 14 ਕੱਤਕ |
| ਸ਼ਹੀਦੀ ਭਾਈ ਬੇਅੰਤ ਸਿੰਘ ਜੀ | 15 ਕੱਤਕ |
| ਬੰਦੀ ਛੋੜ ਦਿਵਸ (ਦੀਵਾਲੀ) | 16 ਕੱਤਕ |
| ਪੰਜਾਬੀ ਸੂਬਾ ਦਿਵਸ | 16 ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 18 ਕੱਤਕ |
| ਜਨਮ ਮਾਤਾ ਸਾਹਿਬ ਕੌਰ ਜੀ | 18 ਕੱਤਕ |
| ਜੋਤੀ-ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 21 ਕੱਤਕ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 27 ਕੱਤਕ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 30 ਕੱਤਕ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 30 ਕੱਤਕ |
| ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | 30 ਕੱਤਕ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 13 ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ | 15 ਮੱਘਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 19 ਮੱਘਰ |
| ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ | 19 ਮੱਘਰ |
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 21 ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ | 29 ਮੱਘਰ |
| ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ | 29 ਮੱਘਰ |
| ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ | 06 ਪੋਹ |
| ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) | 07 ਪੋਹ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 08 ਪੋਹ |
| ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ | 09 ਪੋਹ |
| ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 13 ਪੋਹ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਪਟਨਾ ਸਾਹਿਬ) | 23 ਪੋਹ |
| ਸ਼ਹੀਦੀ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ | 23 ਪੋਹ |
| ਨੀਂਹ ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | 01 ਮਾਘ |
| ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | 01 ਮਾਘ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 14 ਮਾਘ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਗੁਰੂ ਕਾ ਲਾਹੌਰ) | 20 ਮਾਘ |
| ਬਸੰਤ ਪੰਚਮੀ | 20 ਮਾਘ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) | 27 ਮਾਘ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 28 ਮਾਘ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | 29 ਮਾਘ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 01 ਫੱਗਣ |
| ਸਾਕਾ ਨਨਕਾਣਾ ਸਾਹਿਬ | 10 ਫੱਗਣ |
| ਜੈਤੋ ਦਾ ਮੋਰਚਾ (ਫਰੀਦਕੋਟ) | 10 ਫੱਗਣ |

## ਪ੍ਰਕਾਸ਼ਕ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ.ਕੇ.

ਸੰਪਰਕ : +44 78139 53484, +44 75392 43163, +44 7976210161, +91 94788 97960 E-Mail : nsycuk1469@gmail.com, Web : www.nsycuk.com

### ਪੁਲਿਸ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ

# ਅੰਤਰਰਾਸ਼ਟਰੀ ਡਰੱਗ ਰੈਕੇਟ ਜਿਸਦੇ ਪਿੱਛੇ ਸਮੱਗਲਰ ਗੁਰਪ੍ਰੀਤ ਗੋਪਾ ਸੀ ਦਾ ਕੀਤਾ ਪਰਦਾਫਾਸ਼

## 04 ਕਿਲੋ ਹੈਰੋਇਨ ਅਤੇ 3 ਲੱਖ ਡਰੱਗ ਮਨੀ ਸਮੇਤ ਦੋ ਦੋਸ਼ੀਆਂ ਨੂੰ ਕੀਤਾ ਗਿਆ ਗ੍ਰਿਫਤਾਰ




**ਅੰਮ੍ਰਿਤਸਰ, 26 ਮਾਰਚ, (ਆਵਾਜ਼ਿ ਕੌਮ ਬਿਊਰੋ)**-ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੌਰਾਨ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਨਸ਼ਾ ਤਸਕਰ ਗੁਰਪ੍ਰੀਤ ਉਰਫ ਗੋਪਾ ਦੀ ਹਮਾਇਤ ਵਾਲੇ ਅੰਤਰਰਾਸ਼ਟਰੀ ਡਰੱਗ ਕਾਰਟੇਲ ਦਾ ਪਰਦਾਫਾਸ਼ ਕਰਦਿਆਂ ਉਸ ਦੇ 02 ਸਾਥੀਆਂ ਨੂੰ 04 ਕਿਲੋ ਹੈਰੋਇਨ ਅਤੇ 03 ਲੱਖ ਰੁਪਏ ਡਰੱਗ ਮਨੀ ਬ੍ਰਾਮਦ ਕਰਕੇ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਮੰਗਲਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਫੜੇ ਗਏ ਵਿਅਕਤੀਆਂ ਦੀ ਪਛਾਣ ਅਕਾਸ਼ਦੀਪ ਸਿੰਘ ਉਰਫ ਅਕਾਸ਼ ਅਤੇ ਕੁਲਜੀਤ ਸਿੰਘ ਉਰਫ ਗੋਰਾ ਦੋਵੇਂ ਵਾਸੀ ਸਰਾਏ ਅਮਾਨਤ ਖਾਂ, ਤਰਨਤਾਰਨ ਵਜੋਂ ਹੋਈ ਹੈ। ਜਾਣਕਾਰੀ ਦਿੰਦੇ ਹੋਏ ਸੀਪੀ ਗੁਰਪ੍ਰੀਤ ਭੁੱਲਰ ਨੇ ਦੱਸਿਆ ਕਿ ਭਰੋਸੇਮੰਦ ਸੂਚਨਾਵਾਂ 'ਤੇ ਕਾਰਵਾਈ ਕਰਦੇ ਹੋਏ ਏਡੀਸੀਪੀ ਜ਼ੋਨ-1, ਡਾ: ਦਰਪਣ ਆਹਲੂਵਾਲੀਆ, ਆਈਪੀਐਸ ਅਤੇ ਏਸੀਪੀ ਸੈਂਟਰਲ, ਸੁਰਿੰਦਰ ਸਿੰਘ ਪੀਪੀਐਸ ਦੀ ਅਗਵਾਈ ਵਿੱਚ ਪੁਲਿਸ ਸਟੇਸ਼ਨ ਗੇਟ ਹਕੀਮਾ ਦੀ ਪੁਲਿਸ ਟੀਮਾਂ ਨੇ ਦੋਵੇਂ ਬਦਨਾਮ ਸਮੱਗਲਰਾਂ ਨੂੰ ਕਾਬੂ ਕੀਤਾ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਫੜੇ ਗਏ ਦੋਵੇਂ ਮੁਲਜ਼ਮ ਸਿੱਧੇ ਤੌਰ 'ਤੇ ਪਾਕਿਸਤਾਨ ਦੇ ਸਮੱਗਲਰਾਂ ਦੇ ਸੰਪਰਕ 'ਚ ਸਨ ਅਤੇ ਤਰਨਤਾਰਨ ਖੇਤਰ 'ਚ ਅੰਤਰਰਾਸ਼ਟਰੀ ਸਰਹੱਦ ਪਾਰੋਂ ਡਰੋਨ ਰਾਹੀਂ ਨਸ਼ੇ ਦੀ ਖੇਪ ਲਗਾਤਾਰ ਪ੍ਰਾਪਤ ਕਰ ਰਹੇ ਸਨ। ਸੀਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਬਦਨਾਮ ਨਸ਼ਾ ਤਸਕਰ ਗੁਰਪ੍ਰੀਤ ਉਰਫ਼ ਗੋਪਾ ਦੇ ਨਜ਼ਦੀਕੀ ਰਿਸ਼ਤੇਦਾਰ ਹਨ, ਜੋ ਕਿ 2019 ਵਿੱਚ ਅੰਮ੍ਰਿਤਸਰ ਦਿਹਾਤੀ ਦੇ ਅਟਾਰੀ ਸਥਿਤ ਅੰਤਰਰਾਸ਼ਟਰੀ ਚੈਕ ਪੋਸਟ ਤੋਂ ਬਰਾਮਦ ਕੀਤੀ ਗਈ 532 ਕਿਲੋ ਹੈਰੋਇਨ ਸਮੇਤ ਕਈ ਨਸ਼ਿਆਂ ਦੇ ਮਾਮਲਿਆਂ ਵਿੱਚ ਲੋੜੀਂਦਾ ਹੈ। ਜਿਸ ਨੂੰ ਸਰਾਏ ਅਮਾਨਤ ਖਾਂ ਦੇ ਰਣਜੀਤ ਸਿੰਘ ਉਰਫ਼ ਚੀਤਾ ਨੇ ਸੰਭਾਲਿਆ ਸੀ। ਇਸ ਮਾਮਲੇ ਦੀ ਜਾਂਚ ਹੁਣ ਕੌਮੀ ਜਾਂਚ ਏਜੰਸੀ (ਐਨਆਈਏ) ਵੱਲੋਂ ਕੀਤੀ ਜਾ ਰਹੀ ਹੈ, ਜਿਸ ਨੇ ਗੋਪਾ ਦੇ ਪਿਤਾ ਜਸਬੀਰ ਸਿੰਘ (ਜ਼ਮਾਨਤ 'ਤੇ) ਅਤੇ ਭਰਾ ਹਰਪ੍ਰੀਤ ਉਰਫ਼ ਹੈਪੀ (ਭਗੌੜੇ) ਨੂੰ ਵੀ ਇਸ 532 ਕਿਲੋ ਹੈਰੋਇਨ ਦੇ ਮਾਮਲੇ 'ਚ ਸਹਿ-ਦੋਸ਼ੀ ਵਜੋਂ ਹਨ। ਉਨ੍ਹਾਂ ਕਿਹਾ ਕਿ ਇਹਨਾਂ ਦੇ ਬੈਕਵਰਡ ਤੇ ਫਾਰਵਰਡ ਲਿੰਕ ਬਾਰੇ ਹੋਰ ਜਾਂਚਾਂ ਜਾਰੀ ਹਨ ਤੇ ਚੱਲ ਰਹੇ ਅਪਰੇਸ਼ਨਾਂ ਅਤੇ ਜਾਂਚਾਂ ਦੌਰਾਨ ਹੋਰ ਬਰਾਮਦਗੀ ਅਤੇ ਗ੍ਰਿਫਤਾਰੀਆਂ ਦੀ ਉਮੀਦ ਹੈ। ਪੁਲਿਸ ਇਸ ਮੋਡਿਊਲ ਵਿੱਚ ਸ਼ਾਮਲ ਸਰਹੱਦ ਪਾਰ ਅਤੇ ਭਾਰਤੀ ਸਹਿਯੋਗੀਆਂ ਦੀ ਵੀ ਜਾਂਚ ਕਰੇਗੀ।




## ਚੋਣਾਂ ਦੇ ਮੱਦੇਨਜ਼ਰ ਸ਼ਰਾਬ ਦੇ ਕਾਰੋਬਾਰੀਆਂ ਉਤੇ ਨਜ਼ਰ ਰੱਖੀ ਜਾਵੇ- ਜ਼ਿਲ੍ਹਾ ਚੋਣ ਅਧਿਕਾਰੀ

# ਹੁਣ ਤੱਕ ਟੀਮਾਂ ਨੇ 42 ਹਜ਼ਾਰ ਲਿਟਰ ਤੋਂ ਵੱਧ ਲਾਹਣ ਤੇ ਸ਼ਰਾਬ ਜ਼ਬਤ ਕੀਤੀ




**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਜਿਲ੍ਹਾ ਚੋਣ ਅਧਿਕਾਰੀ ਕਮ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਰਾਬ ਦੇ ਕਾਰੋਬਾਰੀਆਂ ਉਤੇ ਲਗਾਤਾਰ ਨਜ਼ਰ ਰੱਖਣ ਦੀ ਹਦਾਇਤ ਕਰਦੇ ਕਿਹਾ ਕਿ ਚੋਣਾਂ ਮੌਕੇ ਨਾਜਾਇਜ਼ ਅਤੇ ਨਕਲੀ ਸ਼ਰਾਬ ਦੀ ਵਿਕਰੀ ਦੀ ਸੰਭਾਵਨਾ ਬਣੀ ਰਹਿੰਦੀ ਹੈ, ਇਸ ਲਈ ਜਰੂਰੀ ਹੈ ਕਿ ਸ਼ਰਾਬ ਅਤੇ ਸਪਿਰਟ ਦੇ ਵਪਾਰ ਉਤੇ ਐਕਸਾਈਜ਼ ਵਿਭਾਗ ਲਗਾਤਾਰ ਜਾਂਚ ਕਰਦਾ ਰਹੇ। ਉਨਾਂ ਦੱਸਿਆ ਕਿ ਬੀਤੇ ਦਿਨ ਪੁਲਿਸ ਵੱਲੋਂ 67 ਥਾਵਾਂ ਉਤੇ ਮਾਰੇ ਗਏ ਛਾਪਿਆਂ ਦੌਰਾਨ 41870 ਲਿਟਰ ਲਾਹਨ ਅਤੇ 145 ਲਿਟਰ ਨਾਜਾਇਜ਼ ਸ਼ਰਾਬ ਜ਼ਬਤ ਕੀਤੀ ਗਈ ਹੈ। ਉਨਾਂ ਹਦਾਇਤ ਕੀਤੀ ਕਿ ਲਗਾਤਾਰ ਛਾਪਿਆਂ ਦੇ ਨਾਲ-ਨਾਲ ਨਾਕੇ ਅਤੇ ਫਲਾਇੰਗ ਟੀਮਾਂ ਵੀ ਸ਼ਰਾਬ ਦੀ ਵਿਕਰੀ ਉਤੇ ਨਿਗ੍ਹਾ ਰੱਖਣ, ਤਾਂ ਕਿ ਗਲਤ ਅਨਸਰਾਂ ਨੂੰ ਰੋਕਿਆ ਜਾ ਸਕੇ। ਉਨਾਂ ਹਦਾਇਤ ਕੀਤੀ ਕਿ ਮਾਰਚ ਦੇ ਮਹੀਨੇ ਸ਼ਰਾਬ ਦੇ ਠੇਕਿਆਂ ਦੀ ਬੋਲੀ ਕਾਰਨ ਅਕਸਰ ਸ਼ਰਾਬ ਦੀ ਸਟੋਰੇਜ਼ ਠੇਕੇਦਾਰ ਕਰਦੇ ਹਨ ਅਤੇ ਸਾਡੇ ਲਈ ਜਰੂਰੀ ਹੈ ਕਿ ਅਸੀਂ ਇੰਨਾ ਸ਼ਰਾਬ ਭੰਡਾਰਾਂ ਉਤੇ ਨਿਗ੍ਹਾ ਰੱਖੀਏ, ਤਾਂ ਜੋ ਚੋਣਾਂ ਮੌਕੇ ਸ਼ਰਾਬ ਵੰਡਣ ਵਰਗੇ ਮੌਕਿਆਂ ਨੂੰ ਠੱਲ ਪਾਈ ਜਾ ਸਕੇ।

### ਸਪਿਰਟ ਅਤੇ ਸ਼ਰਾਬ ਦੇ ਭੰਡਾਰ ਦੀ ਵੀ ਲਗਾਤਾਰ ਹੋਵੇ ਜਾਂਚ

ਸ੍ਰੀ ਥੋਰੀ ਨੇ ਕਿਹਾ ਕਿ ਅਕਸਰ ਸ਼ਰਾਬ ਦੇ ਬਦਲ ਵਜੋਂ ਕੁੱਝ ਲੋਕ ਸਪਿਰਟ ਨੂੰ ਸ਼ਰਾਬ ਵਜੋਂ ਵੇਚਣ ਦਾ ਕਾਰੋਬਾਰ ਵੀ ਕਰਦੇ ਹਨ, ਜੋ ਕਿ ਬਹੁਤ ਹਾਨੀਕਾਰਕ ਹੁੰਦੀ ਹੈ। ਉਨਾਂ ਕਿਹਾ ਕਿ ਅਜਿਹੀ ਨਕਲੀ ਸ਼ਰਾਬ ਹੀ ਮੌਤਾਂ ਦਾ ਕਾਰਨ ਬਣਦੀ ਹੈ, ਜਿਸ ਨੂੰ ਰੋਕਣ ਲਈ ਸਪਿਰਟ ਦੀਆਂ ਦੁਕਾਨਾਂ, ਸਪਲਾਇਰਾਂ ਦੀ ਲਗਾਤਾਰ ਜਾਂਚ ਕੀਤੀ ਜਾਵੇ ਅਤੇ ਜਿੱਥੇ ਕਿਧਰੇ ਵੀ ਲਾਪਰਵਾਹੀ ਹੋਵੇ, ਉਸ ਵਿਰੁੱਧ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਕਿ ਕਿਸੇ ਨੂੰ ਵੀ ਨਾਜਾਇਜ਼ ਜਾਂ ਨਕਲੀ ਸ਼ਰਾਬ ਦੀ ਵਿਕਰੀ ਕਰਨ ਨਹੀਂ ਦਿੱਤੀ ਜਾਵੇਗੀ। ਇਸ ਮੌਕੇ ਜਿਲ੍ਹਾ ਪੁਲਿਸ ਮੁੱਖੀ ਸਤਿੰਦਰ ਸਿੰਘ ਨੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਨਾਜਾਇਜ਼ ਧੰਦੇ ਨੂੰ ਰੋਕਣ ਲਈ ਐਕਸਾਇਜ ਅਤੇ ਪੁਲਿਸ ਵਿਭਾਗ ਮਿਲਕੇ ਕੰਮ ਕਰਨ। ਉਨਾਂ ਕਿਹਾ ਕਿ ਸ਼ਰਾਬ ਦੇ ਕੇਸਾਂ ਵਿਚ ਸ਼ਾਮਿਲ ਰਹੇ ਦੋਸ਼ੀਆਂ ਜਾਂ ਇੰਨਾ ਕੇਸਾਂ ਦਾ ਸਾਹਮਣਾ ਕਰ ਰਹੇ ਕਥਿਤ ਦੋਸ਼ੀਆਂ ਉਤੇ ਨਿਗਰਾਨੀ ਰੱਖੀ ਜਾਵੇ। ਉਨਾਂ ਮੰਡ ਇਲਾਕੇ ਵਿਚ ਸਪੈਸ਼ਲ ਪੜਤਾਲ ਦੇ ਹੁੱਕਮ ਵੀ ਕੀਤੇ। ਜਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਇਸ ਕੰਮ ਲਈ ਪੱਕੇ ਪੁਲਿਸ ਨਾਕਿਆਂ ਦੇ ਨਾਲ-ਨਾਲ ਮੋਬਾਈਲ ਨਾਕੇ ਵੀ ਵੱਧ ਤੋਂ ਵੱਧ ਲਗਾਏ ਜਾਣ ਤੇ ਚੋਣਾਂ ਮੌਕੇ ਕੰਮ ਕਰ ਰਹੀਆਂ ਫਲਾਇੰਗ ਟੀਮਾਂ ਨਾਲ ਇਸ ਬਾਬਤ ਲਗਾਤਾਰ ਰਾਬਤਾ ਰੱਖਿਆ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਨਿਕਾਸ ਕੁਮਾਰ, ਵਧੀਕ ਕਮਿਸ਼ਨਰ ਸ੍ਰੀ ਸੁਰਿੰਦਰ ਸਿੰਘ, ਐਸ ਡੀ ਐਮ ਮਨਕੰਵਲ ਸਿੰਘ ਚਾਹਲ, ਡਾ ਹਰਨੂਰ ਕੌਰ ਢਿਲੋਂ ਐਸ ਡੀ ਐਮ ਮਜੀਠਾ, ਸ. ਅਰਵਿੰਦਰ ਸਿੰਘ ਐਸ ਡੀ ਐਮ ਅਜਨਾਲਾ, ਰਵਿੰਦਰ ਸਿੰਘ ਅਰੋੜਾ ਐਸ ਡੀ ਐਮ ਬਾਬਾ ਬਕਾਲਾ ਸਾਹਿਬ, ਆਰ ਟੀ ਏ ਸ. ਅਰਸ਼ਦੀਪ ਸਿੰਘ, ਸਹਾਇਕ ਕਮਿਸ਼ਨਰ ਸ੍ਰੀਮਤੀ ਗੁਰਸਿਮਰਨ ਕੌਰ, ਐਕਸਾਈਜ਼ ਵਿਭਾਗ ਦੇ ਅਧਿਕਾਰੀ ਵੀ ਸ਼ਾਮਿਲ ਸਨ।

# ਮੌਜੂਦਾ ਸਰਕਾਰ, ਅਕਾਲੀ ਸਰਕਾਰ ਦੀਆਂ ਸਕੀਮਾਂ ਨੂੰ ਲਾਗੂ ਕਰਨ 'ਚ ਬੁਰੀ ਤਰ੍ਹਾਂ ਫੇਲ ਸਾਬਿਤ ਹੋ ਰਹੀ ਹੈ: ਨੌਧਰਾਨੀ



ਮਾਲੇਰਕੋਟਲਾ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਮੌਜੂਦਾ ਸਰਕਾਰ ਦੇ ਗਲਤ ਫੈਸਲਿਆਂ ਅਤੇ ਨੀਤੀਆਂ ਦੇ ਖਿਲਾਫ ਸਮਾਜਿਕ, ਆਰਥਿਕ ,ਅਪਰਾਧਿਕ ਅਤੇ ਪ੍ਰਬੰਧਕੀ ਢਾਂਚੇ ਦੇ ਫੇਲ ਹੋ ਜਾਣ ਕਾਰਨ ਪੰਜਾਬ ਨੂੰ ਸਹੀ ਦਿਸਾ ਵੱਲ ਲੈ ਕੇ ਜਾਣ ਜਾਣ ਲਈ ਪੰਜਾਬੀਆਂ ਨੂੰ ਜਗਾਉਣ ਲਈ ਪੰਜਾਬ ਬਚਾਓ ਯਾਤਰਾ ਕੱਢੀ ਜਾ ਰਹੀ ਹੈ। ਜੋ ਪੰਜਾਬ ਦੇ ਵੱਖ-ਵੱਖ ਹਲਕਿਆਂ, ਜ਼ਿਲ੍ਹਿਆਂ ਵਿੱਚ ਦੀ ਗੁਜਰ ਰਹੀ ਹੈ। ਜਿਸ ਵਿੱਚ ਲੋਕ ਆਪ ਮਾਰੇ ਘਰਾਂ ਚੋਂ ਨਿਕਲ ਕੇ ਪੰਜਾਬ ਬਚਾਓ ਯਾਤਰਾ ਦਾ ਹਿੱਸਾ ਬਣ ਰਹੇ ਹਨ। ਇੰਨਾ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ,ਉਘੇ ਸਮਾਜ ਸੇਵਕ ਸ, ਗੁਰਮੇਲ ਸਿੰਘ ਨੌਧਰਾਨੀ ਨੇ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦਾ ਬਿਰਲਾ ਹੀ ਅਜਿਹਾ ਘਰ ਹੋਵੇਗਾ ਜਿਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੱਤਾ ਵਿੱਚ ਰਹਿੰਦੇ ਹੋਏ ਲਾਗੂ ਕੀਤੀਆਂ ਸਕੀਮਾਂ ਦਾ ਲਾਭ ਨਾ ਲਿਆ ਹੋਵੇ। ਮੌਜੂਦਾ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀਆਂ ਚਲਾਈਆਂ ਸਕੀਮਾਂ ਨੂੰ ਜਾਰੀ ਰੱਖਣ ਵਿੱਚ ਪੂਰੀ ਤਰ੍ਹਾਂ ਅਸਫਲ ਹੁੰਦੀ ਦਿਖਾਈ ਦੇ ਰਹੀ ਹੈ। ਮਜ਼ਦੂਰ, ਕਿਸਾਨ, ਵਪਾਰੀ, ਆੜਤੀਆ, ਮੁਲਾਜ਼ਮ ਵਰਗ ਜਿਸ ਦਿਨ ਦੀ ਆਮ ਆਦਮੀ ਪਾਰਟੀ ਦੇ ਸਰਕਾਰ ਬਣੀ ਹੈ ਉਸ ਦਿਨ ਤੋਂ ਸਰਕਾਰ ਦੀਆਂ ਨੀਤੀਆਂ ਤੋਂ ਦੁਖੀ ਹਨ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਉਣ ਦੇ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਵਿੱਚ ਰਝੇਵਿਆਂ ਭਰੀ ਜ਼ਿੰਦਗੀ ਚੋਂ ਸਮਾਂ ਕੱਢ ਕੇ ਹਿੱਸਾ ਬਣੀਏ।

# ਕਾਂਗਰਸ ਅਤੇ ਭਾਜਪਾ 'ਚ ਕੋਈ ਫ਼ਰਕ ਨਹੀਂ, ਬਾਦਲਕੇ ਹਕੀਕਤ ਨੂੰ ਸਮਝਣ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ




**ਅੰਮ੍ਰਿਤਸਰ, 26 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖਾਂ ਦੇ ਕਾਤਲ ਸਾਬਕਾ ਮੁੱਖ ਮੰਤਰੀ ਬਿਅੰਤ ਸਿਹੁੰ ਦੇ ਪੋਤਰੇ ਅਤੇ ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਪਹਿਲਾਂ ਹੀ ਪਤਾ ਸੀ ਕਿ ਕਾਂਗਰਸ ਅਤੇ ਭਾਜਪਾ ਵਿੱਚ ਕੋਈ ਫਰਕ ਨਹੀਂ ਹੈ, ਪਰ ਤ੍ਰਾਸਦੀ ਦੀ ਗੱਲ ਇਹ ਹੈ ਕਿ ਬਾਦਲਕਿਆਂ ਨੂੰ ਇਹ ਗੱਲ ਅੱਜ ਤੱਕ ਸਮਝ ਨਾ ਆਈ। ਰਵਨੀਤ ਸਿੰਘ ਬਿੱਟੂ ਕਾਂਗਰਸ ਵਿੱਚੋਂ ਨਿਕਲ ਕੇ ਭਾਜਪਾ ਵਿੱਚ ਸ਼ਾਮਲ ਹੋ ਚੁੱਕਾ ਹੈ ਉਸ ਨੂੰ ਪਤਾ ਹੈ ਕਿ ਭਾਜਪਾ ਵੀ ਕਾਂਗਰਸ ਵਾਂਗ ਸੌੜੀ ਰਾਜਨੀਤੀ ਕਰਦੀ ਹੈ ਅਤੇ ਹਮੇਸ਼ਾਂ ਪੰਥ ਤੇ ਪੰਜਾਬ ਵਿਰੁੱਧ ਭੁਗਤਦੀ ਹੈ ਪਰ ਬਾਦਲਕੇ ਪੰਥ ਅਤੇ ਪੰਜਾਬ ਪ੍ਰਸਤੀ ਛੱਡ ਕੇ ਭਾਜਪਾ ਦੇ ਨਾਲ ਯਾਰੀਆਂ ਪਾਉਂਦੇ ਰਹੇ ਅਤੇ ਹੁਣ ਵੀ ਗੱਠਜੋੜ ਕਰਨ ਲਈ ਤਰਲੋਮੱਛੀ ਹੋ ਰਹੇ ਹਨ। ਸੁਖਬੀਰ ਸਿੰਘ ਬਾਦਲ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਕਾਂਗਰਸ ਵਾਂਗ ਭਾਜਪਾ ਵੀ ਸਿੱਖੀ ਅਤੇ ਸਿੱਖਾਂ ਨੂੰ ਮਲੀਆਮੇਟ ਕਰਨਾ ਚਾਹੁੰਦੀ ਹੈ। ਕਾਂਗਰਸ ਨੇ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਨਾ ਕੀਤੇ, ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, ਨਵੰਬਰ 1984 ਦਾ ਕਤਲੇਆਮ, ਝੂਠੇ ਪੁਲਿਸ ਮੁਕਾਬਲੇ ਕੀਤੇ ਜਿਨ੍ਹਾਂ ਵਿੱਚ ਭਾਜਪਾ ਦੀ ਹਰ ਪੱਖ ਤੋਂ ਸ਼ਮੂਲੀਅਤ ਰਹੀ ਅਤੇ ਭਵਿੱਖ ਵਿੱਚ ਭਾਜਪਾ ਵੀ ਕਾਂਗਰਸ ਵਾਂਗ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਯਤਨ ਕਰੇਗੀ। ਸੁਖਬੀਰ ਸਿੰਘ ਬਾਦਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਕਾਲੀ ਦਲ ਅਤੇ ਭਾਜਪਾ/ਆਰ.ਐਸ.ਐਸ. ਵਿੱਚ ਕੀ ਫਰਕ ਹੈ। ਜੇ ਬਾਦਲਾਂ ਦੇ ਹਾਲਾਤ ਇਹੀ ਰਹੇ ਤਾਂ ਬਾਦਲਕਿਆਂ ਨੂੰ ਪਤਾ ਵੀ ਨਹੀਂ ਲੱਗਣਾ ਕਿ ਕਦੋਂ ਚੰਦੂਮਾਜਰਾ, ਢੀਂਡਸਾ ਅਤੇ ਉਹਨਾਂ ਦੇ ਹੋਰ ਵੱਡੇ ਲੀਡਰ ਸਿੱਧੇ ਤੌਰ 'ਤੇ ਭਾਜਪਾ ਦੇ ਵਿੱਚ ਸ਼ਮੂਲੀਅਤ ਕਰ ਜਾਣਗੇ। ਬਾਦਲਕਿਆਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਜਾਣੀ ਚਾਹੀਦੀ ਹੈ ਕਿ ਕਾਂਗਰਸ ਨੇ ਸਿੱਖ ਮਾਰੇ ਅਤੇ ਭਾਜਪਾ ਸਿੱਖੀ ਨੂੰ ਖਤਮ ਕਰਨਾ ਚਾਹੁੰਦੀ ਹੈ, ਸਿੱਖੀ ਸਿਧਾਂਤਾਂ 'ਤੇ ਹਮਲੇ ਕਰ ਰਹੀ ਹੈ, ਸਾਡੇ ਗੁਰਦੁਆਰੇ ਦੱਬੀ ਬੈਠੀ ਹੈ, ਬੰਦੀ ਸਿੰਘ ਸਜਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਰਿਹਾਅ ਨਹੀਂ ਕੀਤੇ ਜਾ ਰਹੇ, ਸਾਡੇ ਕੌਮੀ ਨਾਇਕਾਂ ਨੂੰ ਭਾਜਪਾ ਅੱਤਵਾਦੀ-ਵੱਖਵਾਦੀ ਆਖਦੀ ਹੈ। ਜੇਕਰ ਬਾਦਲਕੇ ਇਹਨਾਂ ਗੱਲਾਂ ਨੂੰ ਨਾ ਸਮਝੇ ਤਾਂ ਭਵਿੱਖ ਵਿੱਚ ਅਕਾਲੀ ਦਲ ਦਾ ਹੋਰ ਨੁਕਸਾਨ ਹੋਵੇਗਾ। ਭਾਜਪਾ ਦਾ ਏਜੰਡਾ ਹਿੰਦੂ ਰਾਸ਼ਟਰ ਦਾ ਹੈ ਜਦ ਕਿ ਅਕਾਲੀ ਦਲ ਦਾ ਏਜੰਡਾ ਸਿੱਖੀ ਦੇ ਬੋਲਬਾਲੇ ਹੋਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਪ੍ਰਨੀਤ ਕੌਰ ਵੀ ਕਾਂਗਰਸ ਤੋਂ ਭਾਜਪਾ ਵਿੱਚ ਸ਼ਾਮਿਲ ਹੋ ਚੁੱਕੇ ਹਨ, ਬਾਦਲਕਿਆਂ ਦੇ ਕਈ ਲੀਡਰ ਵੀ ਭਾਜਪਾ ਵਿੱਚ ਸ਼ਾਮਿਲ ਹੋਣ ਲਈ ਹੱਥ-ਪੈਰ ਮਾਰ ਰਹੇ ਹਨ।

# ਸ੍ਰੀ ਦਰਬਾਰ ਸਾਹਿਬ ਲਈ ਹਰਮਨ ਫਿਨੋਕੇਮ ਲਿਮਟਿਡ ਵੱਲੋਂ 10 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਭੇਟ



**ਅੰਮ੍ਰਿਤਸਰ, 25 ਮਾਰਚ (ਆਵਾਜ਼ਿ ਕੌਮ ਬਿਊਰੋ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਰਧਾ ਪ੍ਰਗਟਾਉਂਦਿਆਂ ਹਰਮਨ ਫਿਨੋਕੇਮ ਲਿਮਟਿਡ ਕੰਪਨੀ ਮੁੰਬਈ ਵੱਲੋਂ 10 ਲੱਖ ਰੁਪਏ ਭੇਟ ਕੀਤੇ ਗਏ ਹਨ। ਸ੍ਰੀ ਦਰਬਾਰ ਸਾਹਿਬ ਵਿਖੇ ਚਲਦੀਆਂ ਸੇਵਾਵਾਂ ਲਈ ਰਾਸ਼ੀ ਦਾ ਇਹ ਚੈੱਕ ਕੰਪਨੀ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਮਿਨਹਾਸ, ਡਾ. ਗੁਰਪ੍ਰੀਤ ਸਿੰਘ ਮਿਨਹਾਸ ਤੇ ਬੀਬੀ ਸਵਰੀਨ ਕੌਰ ਮਿਨਹਾਸ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓਐਸਡੀ ਸ. ਸਤਬੀਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੂੰ ਸੌਂਪਿਆ। ਇਸ ਮੌਕੇ ਸ. ਸਤਬੀਰ ਸਿੰਘ ਨੇ ਕਿਹਾ ਕਿ ਪੂਰੇ ਵਿਸ਼ਵ ਦੀਆਂ ਸੰਗਤਾਂ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਅਥਾਹ ਸ਼ਰਧਾ ਹੈ ਅਤੇ ਸੰਗਤਾਂ ਵੱਲੋਂ ਚੱਲ ਰਹੀਆਂ ਸੇਵਾਵਾਂ ਵਿੱਚ ਭੇਟਾਵਾਂ ਅਰਪਨ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸੇ ਤਹਿਤ ਹੀ ਮਿਨਹਾਸ ਪਰਿਵਾਰ ਵੱਲੋਂ ਆਪਣੀ ਕੰਪਨੀ ਦੀ ਤਰਫੋਂ ਅੱਜ 10 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਭੇਟ ਕੀਤਾ ਗਿਆ ਹੈ। ਇਸ ਦੌਰਾਨ ਹਰਮਨ ਫਿਨੋਕੇਮ ਲਿਮਟਿਡ ਕੰਪਨੀ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀ ਬਖਸ਼ਿਸ ਸਦਕਾ ਹੀ ਉਨ੍ਹਾਂ ਦੇ ਪਰਿਵਾਰ ਵੱਲੋਂ ਗੁਰੂ ਘਰ ਦੀਆਂ ਸੇਵਾਵਾਂ ਵਿੱਚ ਹਿੱਸਾ ਪਾਇਆ ਗਿਆ ਹੈ। ਉਨ੍ਹਾਂ ਅਰਦਾਸ ਕੀਤੀ ਕਿ ਸ੍ਰੀ ਗੁਰੂ ਰਾਮਦਾਸ ਜੀ ਪਰਿਵਾਰ 'ਤੇ ਕਿਰਪਾ ਕਰਕੇ ਇਸੇ ਤਰ੍ਹਾਂ ਸੇਵਾਵਾਂ ਲੈਂਦੇ ਰਹਿਣ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਓਐਸਡੀ ਸ. ਸਤਬੀਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਸ੍ਰੀ ਦਰਬਾਰ ਸਾਹਿਬ ਵੱਲੋਂ ਸ. ਹਰਪ੍ਰੀਤ ਸਿੰਘ ਮਿਨਹਾਸ ਤੇ ਉਨ੍ਹਾਂ ਦੇ ਪਰਿਵਾਰ ਨੂੰ ਗੁਰੂ ਬਖ਼ਿਸ਼ਸ਼ ਸਿਰੋਪਾਓ, ਲੋਈ ਤੇ ਪੁਸਤਕ ਦੇ ਕੇ ਸਨਮਾਨਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV